ੴ ਸਤਿਗੁਰ ਪ੍ਰਸਾਦਿ ॥

ਸਰਬ ਰੋਗ

ਕਾ

ਅਉਖਦੁ ਨਾਮੁ

ਸੂਬੇਦਾਰ ਬਘੇਲ ਸਿੰਘ

ਵਾਰਿਸ ਸ਼ਾਹ ਫਾਉਂਡੇਸ਼ਨ
ਅੰਮ੍ਰਿਤਸਰ -143002

SARAB ROG KA AUKHAD NAAM

Sub. Baghel Singh

ਪ੍ਰਕਾਸ਼ਨ ਵਰ੍ਹਾ : 2000

ਮੁੱਲ : 80 ਰੁਪਏ

ਪ੍ਰਕਾਸ਼ਕ

ਵਾਰਿਸ ਸ਼ਾਹ ਫ਼ਾਊਂਡੇਸ਼ਨ

42, ਗੁਰੂ ਤੇਗ਼ ਬਹਾਦਰ ਨਗਰ

ਡਾਕ. ਖਾਲਸਾ ਕਾਲਿਜ, ਅੰਮ੍ਰਿਤਸਰ-143002

ਛਾਪਕ

ਚੰਨ ਪ੍ਰਿੰਟਿੰਗ ਪ੍ਰੈਸ

ਗੁਰੂ ਨਾਨਕਪੁਰਾ ਅੰਮ੍ਰਿਤਸਰ

ਤਰਤੀਬ

○ ਸਰਬ ਰੋਗ ਕਾ ਅਉਖਦੁ ਨਾਮੁ ੫
○ ਗੁਰਮਤਿ ਨਾਮੁ ਲਈ ਪ੍ਰਭੂ ਅੱਗੇ ਅਰਦਾਸ ੧੭
○ ਨਾਮੁ ਦੀ ਲੋੜ ੨੬
○ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਜੀ ਰਾਹੀਂ ਨਾਮੁ ਦੀ ਦਾਤ ੩੭
○ ਗੁਰਬਾਣੀ ਵਿਚ ਨਾਮੁ ਦਾ ਸੰਕਲਪ ੪੨
○ ਨਾਮੁ ਦੀ ਮਹੱਤਤਾ ੫੮
○ ਪ੍ਰਾਚੀਨ ਧਾਰਮਿਕ ਪੁਸਤਕਾਂ ਅਨੁਸਾਰ ਨਾਮ ਦੀ ਮਹੱਤਤਾ ੭੦
○ ਕਲਜੁਗ ਵਿਚ ਨਾਮੁ ਦੀ ਖਾਸ ਮਹੱਤਤਾ ੮੫
○ ਗੁਰਮਤਿ ਨਾਮੁ ੧੦੧

ਗੁਰਮਤਿ/੧੦੧

ਨਾਮੁ/੧੦੬

ਨਾਮੁ ਅਤੇ ਸੱਚ ਅਭੇਦਤਾ/੧੦੮

ਨਾਮੁ ਅਤੇ ਸ਼ਬਦ ਅਭੇਦਤਾ/੧੦੯

ਨਾਮੁ ਅਤੇ ਓਅੰਕਾਰ ਅਭੇਦਤਾ/੧੧੦

ਗੁਰਮਤਿ ਨਾਮੁ/੧੧੨

ਏਸੇ ਕਲਮ ਤੋਂ

- ਸਿਮਰਨ
- ਵਾਹਿਗੁਰੂ ਸਿਮਰਨ
- ਸ੍ਰੀ ਹੇਮਕੁੰਟ ਸਾਹਿਬ
- ਜੁਗੁ ਜੁਗੁ ਏਕੋ ਵੇਸੁ
- ਵਾਹਿਗੁਰੂ ਅਤੇ ਸਾਇੰਸ
- ਆਤਮਾ ਪਰਮਾਤਮਾ
- ਅਣਡਿੱਠੀ ਦੁਨੀਆ
- ਅਕਾਲ ਪੁਰਖ
- ਜੇਹਾ ਡਿਠਾ ਮੈਂ ਤੇਹੋ ਕਹਿਆ
- ਭਜਨ ਬੰਦਗੀ ਦਾ ਪ੍ਰਤਾਪ
- ਨਾਮ ਅੰਮ੍ਰਿਤ
- ਸਤਿਗੁਰ ਮਹਿਮਾ
- ਬ੍ਰਹਮ ਗਿਆਨੀ
- ਸਿਮਰਨ ਸਾਧਨਾ
- ਬ੍ਰਹਮ ਗਿਆਨ (3 ਜਿਲਦਾਂ)
- ਸਿਮਰਨ ਵਿਧੀ
- ਭਗਤੀ
- ਲੇਖਾ ਰੱਬੁ ਮੰਗੇਸੀਆ
- ਮੂਲ ਮੰਤ੍ਰ ਦਰਸ਼ਨ
- ਵਾਹਿਗੁਰੂ ਗੁਰਮੰਤ੍ਰ
- ਨਾਮ ਸਿਮਰਨ ਮਹਿਮਾ
- ਗੁਰਮਤਿ ਨਾਮੁ
- ਸਰਬ ਵਿਆਪਕ
- ਅਦ੍ਰਿਸ਼ਟ ਅਕਾਲ ਪੁਰਖ ਦੇ ਪ੍ਰਤੱਖ ਦਰਸ਼ਨ
- ਗੁਰਸਿਖ ਜੀਵਨ ਪ੍ਰਕਾਸ਼
- ਬੰਦਗੀ ਨਾਮਾ
- ਸਰਬ ਰੋਗ ਕਾ ਅਉਖਦੁ ਨਾਮੁ
- ਗੁਰੂ ਨਾਨਕ ਮਹਿਮਾ
- ਗੁਰਮਤਿ ਮਾਰਗ (6 ਜਿਲਦਾਂ)

ਸਰਬ ਰੋਗ ਕਾ ਅਉਖਦੁ ਨਾਮੁ

ਇਸ ਸੰਸਾਰ ਦੇ ਲੋਕ ਇਤਨੇ ਮਾਇਆਧਾਰੀ ਜਾਂ ਮਾਦਾ-ਪ੍ਰਸਤਿ ਹੋ ਗਏ ਹਨ ਕਿ ਉਨ੍ਹਾਂ ਦਾ ਸਾਰਾ ਰੁਝੇਵਾਂ ਸਰੀਰਕ ਰਸਾਂ ਵਿਚ ਹੀ ਬਤੀਤ ਹੋ ਰਿਹਾ ਹੈ। ਵਾਹਿਗੁਰੂ ਜੀ ਦੇ ਪਾਸ ਲੱਗਾ ਹੋਇਆ ਕੋਈ ਵਿਰਲਾ ਸੱਜਣ ਹੀ ਦਿਸਦਾ ਹੈ, ਜੋ ਇਸ ਸਰੀਰਕ ਜ਼ਿੰਦਗੀ ਵਿਚ ਆਤਮ ਵੱਲ ਭੀ ਝਾਤ ਪਾਉਂਦਾ ਹੈ ਅਤੇ ਉਹ ਪ੍ਰੇਮ-ਭਗਤੀ ਕਰ ਕੇ ਆਪਣੀ ਹਉਮੈ ਨੂੰ ਮੁਕਾ ਦਿੰਦਾ ਹੈ। ਆਮ ਲੋਕਾਂ ਦਾ ਕੀ ਕਹਿਣਾ ਹੈ, ਵੱਡੇ ਵੱਡੇ ਧਾਰਮਿਕ ਆਗੂ ਭੀ ਧਿਆਨ ਲਾ ਲਾ ਕੇ ਹੁਟ ਗਏ, ਪਰ ਉਨ੍ਹਾਂ ਨੂੰ ਭੀ ਸਰੀਰ ਵਿਚ ਆਤਮਾ ਨਾ ਦਿਸ ਸਕੀ, ਭਾਵ ਇਹ ਹੈ ਕਿ ਉਨ੍ਹਾਂ ਦੀ ਨਜ਼ਰ ਭੀ ਕਿਸੇ ਨਾ ਕਿਸੇ ਸ਼ਕਲ ਵਿਚ ਸਰੀਰਕ ਰਸਾਂ ਦੇ ਰੁਝੇਵਿਆਂ ਤੱਕ ਹੀ ਮਹਿਦੂਦ ਰਹੀ, ਉਨ੍ਹਾਂ ਤੋਂ ਉੱਚਾ ਹੋ ਕੇ ਆਤਮਕ ਅਵਸਥਾ ਦੀ ਬਾਰੀਕੀ ਤੱਕ ਨਾ ਅੱਪੜ ਸਕੇ। ਬ੍ਰਹਮਾ ਦੇ ਚਾਰੇ ਪੁੱਤਰਾਂ-ਸਨਕ ਆਦਿਕਾਂ (ਭਾਵ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ), ਨਾਰਦ ਮੁਨੀ, ਅਤੇ ਸ਼ੇਸ਼ ਨਾਗ ਨੇ ਭੀ ਇਸ ਮਾਇਆ-ਸੁਖ ਵੱਲ ਸੁਰਤੀ ਲੱਗੀ ਰਹਿਣ ਦੇ ਕਾਰਨ ਤਨ ਵਿਚ ਮਨ ਨੂੰ ਨਾ ਵੇਖਿਆ :

ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥

(ਗਉੜੀ ਕਬੀਰ/੩੩੦)

ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਨਾਮ ਦੇ ਮਾਰਗ ਉਤੇ ਨਾ,

ਪਤ ਯੋਗ, ਤਪ, ਮੌਨ, ਸੰਜਮ ਆਦਿ ਤਰੀਕਿਆਂ ਨਾਲ ਨਿਜ ਸਰੂਪ ਨੂੰ ਦੇਖਣ ਦੇ ਤਰਲੇ ਲੈਣ ਵਾਲਿਆਂ ਬਾਬਤ ਦੱਸਦੇ ਹਨ ਕਿ ਆਮ ਤੌਰ ਤੇ ਹਰੇਕ ਮਨੁੱਖ ਮਾਇਕ ਪਦਾਰਥਾਂ ਦੇ ਪਿਛੇ ਹੀ ਭਟਕਦਾ ਫਿਰਦਾ ਹੈ। ਗੁਰੂ ਦੇ ਸਨਮੁਖ ਰਹਿਣ ਵਾਲਾ ਕੋਈ ਵਿਰਲਾ ਪ੍ਰਾਣੀ ਆਪਣੇ ਮਨ ਨੂੰ ਆਪਣੇ ਇਸ ਸਰੀਰ ਦੇ ਅੰਦਰ ਹੀ ਟਿਕਿਆ ਹੋਇਆ ਵੇਖਦਾ ਹੈ, ਪਰ ਇਹ ਤਦੋਂ ਹੀ ਹੁੰਦਾ ਹੈ, ਜਦੋਂ ਉਹ ਵਾਹਿਗੁਰੂ ਜੀ ਦੇ ਪ੍ਰੇਮ ਵਿਚ ਵਾਹਿਗੁਰੂ ਜੀ ਦੀ ਭਗਤੀ ਵਿਚ ਟਿਕ ਕੇ ਆਪਣੇ ਅੰਦਰੋਂ ਹਉਮੈ ਮੁਕਾਉਂਦਾ ਹੈ। ਪੁੱਗੇ ਹੋਏ ਯੋਗੀ, ਯੋਗ-ਸਾਧਨਾ ਕਾਰਨ ਵਾਲੇ ਯੋਗੀ, ਮੋਨ-ਧਾਰੀ ਸਾਧੂ, ਸੁਰਤ ਜੋੜਨ ਦੇ ਜਤਨ ਕਰਦੇ ਹਨ, ਪਰ ਉਹ ਭੀ ਆਪਣੇ ਮਨ ਨੂੰ ਸਰੀਰ ਦੇ ਅੰਦਰ ਟਿਕਿਆ ਹੋਇਆ ਨਹੀਂ ਵੇਖ ਸਕਦੇ :

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥
ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ
ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥

(ਮਾਝ ਮ. ੩/੧੨੪)

ਗੁਰੂ ਕਿਰਪਾ ਦੁਆਰਾ ਜਿਸ ਪ੍ਰਾਣੀ ਨੇ ਆਪਣੇ ਅੰਦਰੋਂ ਹਉਮੈ ਮਾਰਕੇ ਹਉਮੈ ਦੇ ਕਰੜੇ ਲਗੇ ਹੋਏ ਤਖਤੇ ਖੋਲ੍ਹ ਲਏ ਹਨ, ਉਸ ਨੇ ਗੁਰੂ ਦੀ ਕ੍ਰਿਪਾ ਨਾਲ ਉਹ ਨਾਮ ਅੰਮ੍ਰਿਤ ਅੰਦਰੋਂ ਹੀ ਲੱਭ ਲਿਆ ਜੋ ਕਿਸੇ ਦੁਨਿਆਵੀ ਪਦਾਰਥ ਦੇ ਵੱਟੇ ਮੁੱਲ ਨਹੀਂ ਮਿਲਦਾ। ਗੁਰੂ ਦੇ ਸ਼ਬਦ ਵਿਚ ਜੁੜਨ ਤੋਂ ਬਿਨਾਂ ਕੋਈ ਪ੍ਰਾਣੀ ਨਾਮ ਅੰਮ੍ਰਿਤ ਪ੍ਰਾਪਤ ਨਹੀਂ ਕਰ ਸਕਦਾ; ਗੁਰੂ ਦੀ ਕਿਰਪਾ ਨਾਲ ਹੀ ਵਾਹਿਗੁਰੂ ਨਾਮ ਮਨ ਵਿਚ ਵਸਾਇਆ ਜਾ ਸਕਦਾ ਹੈ। ਹਾਂ ਜੀ! ਜਿਸ ਪ੍ਰਾਣੀ ਨੇ ਗੁਰੂ ਜੀ ਤੋਂ ਗਿਆਨ ਦਾ ਸਦਾ ਥਿਰ ਰਹਿਣ ਵਾਲਾ ਸੁਰਮਾ ਆਪਣੀਆਂ ਆਤਮਿਕ ਅੱਖਰਾਂ ਵਿਚ ਪਾਇਆ ਹੈ, ਉਸ ਦੇ ਅੰਦਰ ਆਤਮਕ ਚਾਨਣ

ਹੋ ਗਿਆ ਹੈ, ਉਸ ਨੇ ਆਪਣੇ ਅੰਦਰੋਂ ਅਗਿਆਨ-ਹਨੇਰਾ ਦੂਰ ਕਰ ਲਿਆ ਹੈ। ਉਸ ਦੀ ਸੁਰਤਿ ਵਾਹਿਗੁਰੂ ਜੀ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ, ਉਸ ਦਾ ਮਨ ਵਾਹਿਗੁਰੂ ਜੀ ਦੀ ਯਾਦ ਵਿਚ ਗਿੱਝ ਜਾਂਦਾ ਹੈ ਉਹ ਪ੍ਰਾਣੀ ਵਾਹਿਗੁਰੂ ਜੀ ਦੇ ਦਰ ਤੇ ਸੋਭਾ ਹਾਸਲ ਕਰਦਾ ਹੈ। ਪਰ ਜੇ ਕੋਈ ਮਨੁੱਖ ਆਪਣੇ ਸਰੀਰ ਤੋਂ ਬਾਹਰ ਜੰਗਲਾਂ ਵਿਚ ਪਹਾੜਾਂ ਦੀਆਂ ਗੁਫਾਂ ਵਿਚ ਇਸ ਆਤਮਿਕ ਚਾਨਣ ਨੂੰ ਲੱਭਣ ਜਾਂਦਾ ਹੈ, ਉਸ ਨੂੰ ਇਹ ਆਤਮਿਕ ਚਾਨਣ ਦੇਣ ਵਾਲਾ ਹਰਿ ਨਾਮ ਤਾਂ ਨਹੀਂ ਲੱਭਦਾ, ਉਹ ਵਿਗਾਰ ਵਿਚ ਫਸੇ ਕਿਸੇ ਵਿਗਾਰੀ ਵਾਂਗ ਦੁਖ ਹੀ ਪਾਉਂਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨੁੱਖ ਨੂੰ ਸਮਝ ਨਹੀਂ ਪੈਂਦੀ। ਜੰਗਲਾਂ ਪਹਾੜਾਂ ਵਿਚ ਖੁਆਰ ਹੋ ਕੇ, ਆਖਿਰ ਉਹ ਆ ਕੇ ਗੁਰੂ ਦੀ ਸ਼ਰਨ ਪੈ ਕੇ ਹੀ ਨਾਮ ਅੰਮ੍ਰਿਤ ਪ੍ਰਾਪਤ ਕਰਦਾ ਹੈ :

ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥
ਨਾਮੁ ਅਮੋਲਕੁ ਗੁਰਪਰਸਾਦੀ ਪਾਇਆ ॥
ਬਿਨੁ ਸਬਦੈ ਨਾਮ ਨ ਪਾਏ ਕੋਈ
ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ
ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣ ਕੋ ਬਾਹਰ ਜਾਏ ॥
ਨਾਮੁ ਨ ਲਹੈ ਬਹੁਤ ਵੇਗਾਰਿ ਦੁਖ ਪਾਏ ॥
ਮਨਮੁਖ ਅੰਧੇ ਸੂਝੇ ਨਾਹੀ, ਫਿਰਿ ਘਰਿ ਆਇ,
ਗੁਰਮੁਖ ਵਥੁ ਪਾਵਣਿਆ ॥ (ਮਾਝ ਮ. ੩/੧੨੪)

ਗੁਰਮਤਿ ਵਿਚ ਅਤਿ ਉੱਚ ਵਿਸ਼ੇਸ਼ਤਾ ਇਹ ਹੈ ਕਿ ਵਾਹਿਗੁਰੂ ਜੀ ਨੇ ਜੋਤਿ ਸਰੂਪੀ ਪਰਕਾਸ਼ ਨੂੰ ਸਰੀਰ ਦੇ ਅੰਦਰ ਹੀ ਪ੍ਰਕਾਸ਼ਤ

ਹੋਇਆ ਪਰਤੱਖ ਵੇਖਿਆ ਜਾਂਦਾ ਹੈ । ਗੁਰਮਤਿ ਤੋਂ ਛੁੱਟ ਹੋਰ ਸਾਰੇ ਅਨਮਤ ਮਤਾਂ ਅੰਦਰ ਐਉਂ ਭੁਲੇਖਾ ਪਾਇਆ ਗਿਆ ਹੈ ਕਿ ਬਾਹਰ ਤੋਂ ਆ ਕੇ ਰੱਬ ਮਿਲਦਾ ਹੈ। ਇਹ ਨਾਮ ਅਮੋਲਕ ਹੀ ਹੈ ਜੋ ਨਾਮ ਦੀ ਪ੍ਰਾਪਤੀ ਗੁਰਪ੍ਰਸਾਦੀ ਹੀ ਕਰਵਾ ਸਕਦਾ ਹੈ । ਭਾਵ ਗੁਰਮਤਿ ਦੁਆਰਾ ਹੀ ਨਾਮ ਪ੍ਰਾਪਤ ਹੁੰਦਾ ਹੈ। ਨਾਮ ਪ੍ਰਾਪਤ ਹੋਇਆਂ ਹੀ ਹਉਮੈ ਦੀ ਨਵਿਰਤੀ ਹੁੰਦੀ ਹੈ। ਹਉਮੈ ਦੀ ਨਵਿਰਤੀ ਬਿਨਾਂ ਬੱਜਰ-ਕਪਾਟ ਖੁੱਲ੍ਹਦੇ ਹੀ ਨਹੀਂ । ਗੁਰੂ ਘਰ ਵਿਖੇ ਇਹ ਵਿਸ਼ੇਸ਼-ਮਈ ਵਾਧਾ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਤੋਂ ਚਲਿਆ ਆਉਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਸਰੂਪ ਨਾਮ ਅਭਿਆਸੀ, ਖਾਲਸੇ ਦਾ ਗੁਰਮੰਤ੍ਰ ਜੋ ਪੰਜਾਂ ਪਿਆਰਿਆਂ ਰਾਹੀਂ ਪ੍ਰਾਪਤ ਹੁੰਦਾ ਹੈ, ਉਹ ਹੈ, 'ਵਾਹਿਗੁਰੂ' ਯਥਾ :—'ਵਾਹਿਗੁਰੂ ਗੁਰਮੰਤ੍ਰ ਹੈ, ਜਪਿ ਹਉਮੈ ਖੋਈ ॥' (ਭਾਈ ਗੁਰਦਾਸ ਜੀ) ਇਸ ਦੇ ਜਾਪ ਨਾਲ ਵਾਹਿਗੁਰੂ ਜੀ ਦੀ ਹੋਂਦ ਹਿਰਦੇ ਅੰਦਰ ਸਿੰਜਰਦੀ ਹੈ। ਉਸ ਦਾ ਸਰੂਪ ਅੰਦਰ ਵਸਦਾ ਹੈ । ਪੰਜਾਂ ਪਿਆਰਿਆਂ ਦੁਆਰਾ ਪ੍ਰਾਪਤ ਹੋਈ ਗੁਰੂ-ਦੀਖਿਆ ਅਨੁਸਾਰ ਨਾਮ ਅਭਿਆਸ ਦੀ ਥਰਰਾਟ ਅੰਤਰ ਆਤਮੇ ਉਪਜਦੀ ਹੈ, ਨਾਮ ਅਭਿਆਸ ਦਾ ਤੋਰਾ ਤੁਰਦਾ ਹੈ। ਜਿਨ੍ਹਾਂ ਤੇ ਗੁਰੂ ਜੀ ਦੀ ਖਾਸ ਕਿਰਪਾ ਹੁੰਦੀ ਹੈ, ਤਿਨ੍ਹਾਂ ਦੇ ਅੰਦਰ ਹੀ ਨਾਮ ਵਸਦਾ, ਧਸਦਾ ਤੇ ਰਸਦਾ ਹੈ।

ਸਪਸ਼ਟ ਹੈ, ਗੁਰੂ ਜੀ ਦੀ ਸ਼ਰਨ ਤੋਂ ਬਿਨਾਂ ਮਾਇਆ ਦੇ ਮੋਹ ਦਾ ਘੁੱਪ ਹਨੇਰਾ ਛਾਇਆ ਹੀ ਰਹਿੰਦਾ ਹੈ । ਇਸ ਹਨੇਰੇ ਦੇ ਕਾਰਨ ਜਿਨ੍ਹਾਂ ਨੂੰ ਆਤਮਿਕ ਮੌਤ ਨੇ ਗ੍ਰਸ ਲਿਆ ਹੁੰਦਾ ਹੈ ਉਹ ਦੁਖੀ ਹੋ ਕੇ ਪੁਕਾਰਾਂ ਕਰਦੇ ਰਹਿੰਦੇ ਹਨ । ਦੁੱਖਾਂ ਦੇ ਗਿਲੇ ਕਰਦੇ ਰਹਿੰਦੇ ਹਨ। ਉਹ ਹਰ ਵੇਲੇ ਵਿਕਾਰਾਂ ਦੇ ਰੋਗ ਵਿਚ ਫਸੇ ਰਹਿੰਦੇ ਹਨ ਤੇ ਦੁਖ ਸਹਿੰਦੇ ਰਹਿੰਦੇ ਹਨ ਜਿਵੇਂ ਗੰਦ ਦੇ ਕੀੜੇ ਵਿਚ ਹੀ ਕੁਰਬਲ ਕੁਰਬਲ ਕਰਦੇ ਰਹਿੰਦੇ ਹਨ।

ਬਾਝੁ ਗੁਰੂ ਤੇ ਅੰਧ ਅੰਧਾਰਾ ॥

ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ
ਬਿਸਟਾ ਮਹਿ ਦੁਖੁ ਪਾਵਣਿਆ ॥ (ਮਾਝ ਮ: ੩/੧੨੫)

ਜਿਸ ਨੂੰ ਵਾਹਿਗੁਰੂ ਜੀ ਦੇ ਦੇਖਣ ਦੀ ਚਾਹ ਹੋਵੇ, ਉਹ ਗੁਰੂ ਦੇ ਸ਼ਬਦ ਵਿਚ ਲੱਗੇ। ਇਸੇ ਵਿਚ ਹੀ ਗਿਆਨ ਧਿਆਨ ਆ ਜਾਂਦਾ ਹੈ। ਗੁਰੂ ਸ਼ਬਦ ਰਾਹੀਂ ਨਿਸਚਾ ਹੋ ਜਾਂਦਾ ਹੈ ਕਿ ਧਰਮ ਸਮੇਂ ਸਮੇਂ ਬਦਲਦਾ ਨਹੀਂ ਆਇਆ; ਇਹ ਨਹੀਂ ਕਿ ਕਦੀ ਭਗਤੀ ਮਾਰਗ ਤੇ ਕਦੀ ਗਿਆਨ ਮਾਰਗ ਪ੍ਰਵਾਨ ਹੁੰਦਾ ਹੈ ਬਲਕਿ ਸਦਾ ਇਕੋ ਹੀ ਰਿਹਾ, ਕਿਉਂਕਿ ਰੱਬ ਜੋ ਇਕ ਹੈ ਅਤੇ ਸਦਾ ਇਕੋ ਰਿਹਾ ਹੈ। ਉਸ ਦਾ ਸੁਭਾਉ ਇਕੋ ਹੋਣ ਕਰਕੇ ਇਹ ਹੋ ਨਹੀਂ ਸਕਦਾ ਕਿ ਉਸ ਨੂੰ ਅੱਜ ਇਕ ਗੱਲ ਪਸੰਦ ਹੋਵੇ ਤੇ ਕੱਲ੍ਹ ਕੋਈ ਹੋਰ ਗੱਲ। ਉਹ ਸਦਾ ਪ੍ਰੇਮਾ ਭਗਤੀ ਤੇ ਪ੍ਰਸੰਨ ਹੁੰਦਾ ਆਇਆ ਹੈ। ਭਾਵ ਪੁਰਾਣੇ ਸਮੇਂ ਦਾ ਚਾਹੇ ਨਵੇਂ ਸਮੇਂ ਦਾ ਜਿਹੜਾ ਜਿਹੜਾ ਭੀ ਭਗਤ ਸੰਸਾਰ ਸਮੁੰਦਰ ਤੋਂ ਪਾਰ ਲੰਘਿਆ ਹੈ, ਉਹ ਪ੍ਰਭੂ-ਦੇਵ ਜੀ ਦੀ ਭਗਤੀ ਦੀ ਬਰਕਤਿ ਨਾਲ ਪ੍ਰੇਮ ਦੀ ਬਰਕ਼ਤਿ ਨਾਲ ਹੀ ਲੰਘਿਆ ਹੈ :

ਜੋ ਜੋ ਤਰਿਓ ਪੁਰਾਤਨੁ ਨਵਤਨੁ
ਭਗਤਿ ਭਾਇ ਹਰਿ ਦੇਵਾ ॥ (ਸਾਰੰਗ ਮ. ੫/੧੨੧੯)

ਮਨ ਬੁੱਧੀ ਤੋਂ ਪਰੇ, ਅਪਹੁੰਚ ਅਤੇ ਬੇਅੰਤ ਵਾਹਿਗੁਰੂ ਜੀ ਦਾ ਨਾਮ ਪਦਾਰਥ ਮਨੁੱਖ ਦੇ ਹਿਰਦੇ ਵਿਚ ਹੀ ਵੱਸਦਾ ਹੈ। ਗੁਰੂ ਦੀ ਮਤਿ ਉੱਤੇ ਤੁਰ ਕੇ ਗੁਰੂ ਜੀ ਦੇ ਸ਼ਬਦ ਦੀ ਰਾਹੀਂ ਪਰਮੇਸ਼ਰ ਜੀ ਦੇ ਗੁਣਾਂ ਦੀ ਵਿਚਾਰ ਕਰਕੇ ਜਿਹੜੇ ਮਨੁੱਖ ਨਾਮ-ਪਦਾਰਥ ਦੀ ਭਾਲ ਕਰਦੇ ਹਨ, ਉਨ੍ਹਾਂ ਦੀ ਧਰਤੀ ਦੇ ਨੌਂ ਖਜਾਨਿਆਂ ਦੇ ਤੁੱਲ ਵਾਹਿਗੁਰੂ-ਨਾਮ ਨੂੰ ਆਪਣੇ ਹਿਰਦੇ ਵਿਚ ਹੀ ਲੱਭ ਲਿਆ। ਉਹ ਸਦਾ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ, ਸਦਾ-ਥਿਰ ਵਾਹਿਗੁਰੂ-ਨਾਮ ਵਿਚ ਹੀ ਲੀਨ ਰਹਿੰਦੇ ਹਨ :

ਘਰ ਮਹਿ ਵਸਤ ਅਗਮ ਅਪਾਰਾ ॥

ਗੁਰਮਤਿ ਖੋਜਹਿ ਸਬਦ ਬੀਚਾਰਾ ॥
ਨਾਮੁ ਨਵਨਿਧਿ ਪਾਈ ਘਰ ਹੀ ਮਾਹਿ ॥
ਸਦਾ ਰੰਗਿ ਰਾਤੇ ਸਚਿ ਸਮਾਹਿ ॥ (ਬਸੰਤ ਮ: ੩/੧੧੭੬)

ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਜੀ ਦਾ ਆਤਮਿਕ ਜੀਵਨ ਦੇਣ ਵਾਲਾ ਨਾਮ ਗੁਰੂ ਜੀ ਦੇ ਹਿਰਦੇ ਵਿਚ ਵਸਦਾ ਹੈ। ਗੁਰੂ ਜੀ ਆਪ ਇਹ ਅੰਮ੍ਰਿਤ-ਨਾਮ ਜਪਦਾ ਹੈ ਅਤੇ ਹੋਰਨਾਂ ਪਾਸੋਂ ਜਪਾਉਂਦਾ ਹੈ। ਗੁਰੂ ਜੀ ਦੀ ਮਤਿ ਉੱਤੇ ਤੁਰਿਆਂ ਹੀ ਇਹ ਪਵਿੱਤਰ ਨਾਮ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੀ ਮਤਿ ਉੱਤੇ ਤੁਰ ਕੇ ਹੀ ਮਨੁੱਖ ਇਹ ਪਵਿੱਤਰ ਨਾਮ ਜਪ ਸਕਦਾ ਹੈ :

ਸਤਿਗੁਰ ਵਿਚ ਅੰਮ੍ਰਿਤ ਨਾਮ ਅੰਮ੍ਰਿਤ ਕਹੈ ਕਹਾਇ ॥
ਗੁਰਮਤੀ ਨਾਮੁ ਨਿਰਮੋਲੋ ਨਿਰਮਲ ਨਾਮੁ ਧਿਆਇ ॥
(ਸ. ਵਾਰਾਂ ਤੇ ਵਧੀਕ ਮ: ੪/੧੪੨੩)

ਨਾਮੁ ਨਾਮੀ ਦਾ ਜਨਾਇਕ ਹੁੰਦਾ ਹੈ ਅਥਵਾ ਉਹ ਜਤਲਾਉਂਦਾ ਹੈ ਕਿ ਨਾਮੀ ਦੇ ਕੀ ਗੁਣ ਲੱਛਣ ਹਨ ਤੇ ਕਿਹੋ ਜਿਹਾ ਹੈ। ਨਾਮੁ ਕਿਸੇ ਨੂੰ ਬੁਲਾਉਣ ਦਾ ਵਸੀਲਾ ਹੈ। ਬੁਲਾਉਣ ਵੇਲੇ ਨਾਮੀ ਦੇ ਰੂਪ, ਰੰਗ, ਗੁਣ ਅਤੇ ਲੱਛਣ ਸਾਮ੍ਹਣੇ ਆ ਜਾਂਦੇ ਹਨ। ਕਿਸੇ ਨੂੰ ਵੀ ਮਿਲਣਾ ਜਾਂ ਬੁਲਾਣਾ ਹੋਵੇ ਨਾਮ ਨਾਲ ਹੀ ਬੁਲਾਇਆ ਜਾਂਦਾ ਹੈ। ਵਾਹਿਗੁਰੂ ਜੀ ਨੂੰ ਵੀ ਮਿਲਣ ਜਾਂ ਬੁਲਾਉਣ ਦਾ ਤਰੀਕਾ ਉਸ ਦੇ ਨਾਮ ਨਾਲ ਹੀ ਹੋ ਸਕਦਾ ਹੈ ਪਰ ਇਹ ਪਰਮਾਤਮਾ ਦੀ ਮਰਯਾਦਾ ਹੈ ਕਿ ਉਹ ਇਕ ਵਾਰ ਨਾਮੁ ਲੈਣ ਨਾਲ ਜਿਸ ਦੇ ਵਿਚ ਪ੍ਰੇਮ ਨਹੀਂ ਮਿਲਦਾ। ਵਾਹਿਗੁਰੂ ਜੀ ਦਾ ਕੋਈ ਸਰੂਪ ਨਹੀਂ ਇਸ ਲਈ ਪ੍ਰੇਮ ਸਹਿਤ ਯਾਦ ਕਰਨ ਨਾਲ ਸਾਨੂੰ ਉਸ ਦਾ ਅਨੁਭਵ ਹੀ ਹੋ ਸਕਦਾ ਹੈ। ਵਾਹਿਗੁਰੂ ਜੀ ਦੇ ਨਾਮ ਵਿਚ ਉਹ ਦੇ ਗੁਣ ਜਾਂ ਕੰਮਜ ਕੰਮ ਸਰੇਸ਼ਟ ਗੁਣ ਭਰੇ ਹੁੰਦੇ ਹਨ। ਨਾਮੁ ਨਾਲ ਵਾਹਿਗੁਰੂ ਜੀ ਨੂੰ ਯਾਦ ਕਰਨਾ ਮਾਨੋ ਉਹਦੇ ਗੁਣਾਂ ਨੂੰ ਯਾਦ ਕਰਨਾ ਹੈ। ਇਹ ਗੁਰਮਤਿ ਦਾ ਅਸੂਲ ਹੈ ਕਿ ਜਿਸ ਨੂੰ ਯਾਦ ਕਰੀਏ ਉਸ ਦੇ ਗੁਣ ਯਾਦ ਕਰਨ ਵਾਲੇ ਵਿਚ ਪਰਵੇਸ਼ ਕਰਦੇ ਜਾਂਦੇ

ਹਨ ਅਥਵਾ ਨਾਮੁ ਨਾਲ ਅਭਿਆਸੀ ਨਾਮੀ ਹੀ ਬਣ ਜਾਂਦਾ ਹੈ। ਇਹ ਵਡਿਆਈ ਹੈ ਨਾਮੁ ਦੀ।

ਹੁਣ ਸਵਾਲ ਇਹ ਹੈ ਕਿ ਵਾਹਿਗੁਰੂ ਜੀ ਦੇ ਕਿਹੜੇ ਨਾਮੁ ਦਾ ਸਿਮਰਨ ਕੀਤਾ ਜਾਏ ਜਿਹੜਾ ਜਲਦੀ ਤੋਂ ਜਲਦੀ ਪ੍ਰਭੂ ਜੀ ਨਾਲ ਮਿਲਾ ਦੇਵੇ। ਵਾਹਿਗੁਰੂ ਜੀ ਦੇ ਗੁਣ ਹੀ ਉਸ ਦਾ ਨਾਮੁ ਹੈ। ਵਾਹਿਗੁਰੂ ਜੀ ਦਾ ਸਭ ਤੋਂ ਵੱਡਾ ਗੁਣ 'ਸਤਿ' ਅਰਥਾਤ ਤਬਦੀਲ ਨਾ ਹੋਣ ਵਾਲਾ ਅਤੇ ਇਕ ਰਸ ਰਹਿਣ ਵਾਲਾ ਹੈ ਇਸ ਕਰਕੇ ਮੂਲ ਮੰਤ੍ਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 'ਸਤਿ' ਨੂੰ ਹੀ ਵਾਹਿਗੁਰੂ ਜੀ ਦਾ ਨਾਮੁ ਬਤਾਇਆ। ਇਤਿਹਾਸ ਦੱਸਦਾ ਹੈ ਅਤੇ ਭਾਈ ਗੁਰਦਾਸ ਜੀ ਦੀ ਬਾਨੀ ਤੋਂ ਭੀ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਆਪਣੇ ਸਿੱਖਾਂ ਨੂੰ 'ਵਾਹਿਗੁਰੂ' ਗੁਰਮੰਤ੍ਰ ਦੇਂਦੇ ਹੁੰਦੇ ਸਨ। ਇਸ ਕਰਕੇ ਸਿੱਖਾਂ ਵਾਸਤੇ 'ਵਾਹਿਗੁਰੂ' ਹੀ ਨਾਮ ਹੈ ਜਿਸ ਦਾ ਜਾਪ ਤੇ ਸਿਮਰਨ ਕਰਨਾ ਹੈ :

ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ॥
ਵੇਦ ਕਤੇਬ ਅਗੋਚਰ ਵਾਹਿਗੁਰੂ ਗੁਰ ਸਬਦ ਸੁਣਾਇਆ॥
(ਭਾਈ ਗੁਰਦਾਸ)

ਨਾਮੁ ਇਕ ਨਿਰਜਿੰਦ ਅੱਖਰ ਹੀ ਨਹੀਂ ਬਲਕਿ ਇਕ ਸ਼ਕਤੀ ਹੈ ਜਿਹੜੀ ਅਭਿਆਸੀ ਨੂੰ ਨਾਮੀ ਨਾਲ ਜੋੜਦੀ ਹੈ। ਗੁਰਬਾਣੀ ਤਾਂ ਏਥੋਂ ਤੱਕ ਫੁਰਮਾਉਂਦੀ ਹੈ ਕਿ ਨਾਮੁ ਦੇ ਵਿਚ ਹੀ ਵਾਹਿਗੁਰੂ ਜੀ ਵਸਦਾ ਹੈ :

ਨਾਵੈ ਅੰਦਰਿ ਹਉ ਵਸਾ॥ (ਸਿਰੀ ਰਾਗ ਮ: ੧/੫੩)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮੁ ਦਾ ਪਦ ਜ਼ਿਆਦਾ ਤਰ ਪਰਮੇਸ਼ਵਰ ਜੀ ਦੇ ਨਾਮ ਵਾਸਤੇ ਵਰਤਿਆ ਗਿਆ ਹੈ :

ਨਾਮ ਤਤੁ ਸਭ ਹੀ ਸਿਰਿ ਜਾਪੈ.....॥
(ਰਾਮਕਲੀ ਮ: ੧/੯੪੩)

ਦੁਨੀਆਂ ਵਿਚ ਸਿਵਾਏ ਵਾਹਿਗੁਰੂ ਜੀ ਦੇ ਜਿੰਨੇ ਜੀਵ-ਜੰਤ

ਪਦਾਰਥ ਆਦਿ ਹਨ ਉਹ ਨਾਸਵਾਨ ਹਨ ਇਸ ਕਰਕੇ ਉਹਨਾਂ ਦੇ ਨਾਮ ਭੀ ਨਾਸ਼ਵਾਨ ਹਨ। ਪਰਮਾਤਮਾ ਨਾਸਵਾਨ ਨਹੀਂ ਇਸ ਕਰਕੇ ਉਹਦਾ ਨਾਮ ਭੀ ਨਾਸਵਾਨ ਨਹੀਂ। ਨਾਮੁ ਨਾਮੀ ਦੀ ਤਰ੍ਹਾਂ ਸਤਿ ਚਿਤ ਆਨੰਦ, ਅਗੋਚਰ, ਅਗਮ, ਅਲਖ ਅਪਾਰ ਆਦਿ ਹੈ।

'ਵਾਹਿਗੁਰੂ' ਪਹਿਲਾ '੧' (ਇਕ) ਸਨ ਆਪਨੂੰ ਫੁਰਨਾ ਹੋਇਆ ਕਿ ਮੈਂ ਇਕ ਤੋਂ ਅਨੇਕ ਹੈਂ ਜਾਂ ਔਰ ਹੋ ਗਏ। ਅਨੇਕ ਹੋਣ ਵਾਸਤੇ ਆਪ ਜੀ ਦੇ ਕੇਂਦਰ ਵਿਚੋਂ ਸ਼ਕਤੀਆਂ ਨਿਕਲੀਆਂ ਉਨ੍ਹਾਂ ਵਿਚੋਂ ਇਕ ਸ਼ਕਤੀ 'ਨਾਮੁ' ਸੀ। ਇਹ ਨਾਮੁ ਸਰਬ-ਵਿਆਪਕ ਤੇ ਘਟ ਘਟ ਵਾਸੀ ਹੈ। ਸੱਚ ਪੁੱਛੋ ਨਾਮੁ ਪ੍ਰਮੇਸ਼ਵਰ ਹੀ ਹੈ (ਨਾਮ ਤੇਰਾ ਤੂੰ ਹੀ) ਬਲਕਿ ਪ੍ਰਮੇਸ਼ਵਰ ਜੀ ਤੋਂ ਵੀ ਉੱਚਾ ਹੈ ਕਿਉਂਕਿ ਨਾਮ ਨੇ ਜਰੀਏ ਨਾਮੀ ਮਿਲਦਾ ਹੈ :

ਊਚੇ ਊਪਰਿ ਊਚਾ ਨਾਉ ॥ (ਜਪੁਜੀ)

ਸੁਖਮਨੀ ਸਾਹਿਬ ਜੀ ਤੋਂ ਸਪਸ਼ਟ ਹੁੰਦਾ ਹੈ ਕਿ ਨਾਮੁ ਇਕ ਅੱਖਰ ਨਹੀਂ ਬਲਕਿ ਖੰਡ ਬ੍ਰਹਮੰਡ, ਵੇਦ, ਪੁਰਾਣ, ਸਿਮ੍ਰਿਤੀਆਂ, ਅਕਾਸ਼, ਪਤਾਲ ਸਗਲੇ ਅਕਾਰ ਦਾ ਸਹਾਰਾ ਹੈ। ਇਸ ਕਰਕੇ ਵਾਹਿਗੁਰੂ ਜੀ ਤੋਂ ਘੱਟ ਕਿਵੇਂ ਹੋ ਸਕਦਾ ਹੈ। ਨਾਮੁ ਤਾਂ ਚੌਥੇ ਪਦ ਵਿਚ ਲੈ ਜਾ ਕੇ ਗਤੀ ਦਾ ਵਸੀਲਾ ਬਣ ਜਾਂਦਾ ਹੈ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮ ਲਾਏ ॥

ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥

(ਗਉੜੀ ਸੁਖਮਨੀ ਮ: ੫/੨੮੪)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਰਗ 'ਨਾਮ' ਅਤੇ 'ਸੱਚ' ਦਾ ਮਾਰਗ ਹੈ। ਸੱਚ ਤੋਂ ਖਾਲੀ ਅਤੇ ਭੌਤਿਕਤਾ ਦੀ ਮੈਲ ਨਾਲ ਰੋਗੀ ਹੋਏ ਸੰਸਾਰ ਦਾ ਇਲਾਜ ਕੇਵਲ 'ਨਾਮ' ਹੈ :

ਸੰਸਾਰ ਰੋਗੀ, ਨਾਮ ਦਾਰੂ, ਮੈਲ ਲਾਗੈ, ਸਚ ਬਿਨਾ ॥

(ਧਨਾਸਰੀ ਮ: ੫/੬੮੮)

ਸਾਰੀ ਗੁਰਬਾਣੀ ਸੱਚ ਅਤੇ ਨਾਮ ਦਾ ਬਖਿਆਨ ਹੈ। ਗੁਰੂ ਸਾਹਿਬ ਥਾਂ ਪਰ ਥਾਂ 'ਸਚ' ਅਤੇ 'ਨਾਮ' ਦੀ ਯਾਚਨਾ ਕਰਦੇ ਹਨ ਅਤੇ ਸਾਰੇ ਧਾਰਮਿਕ ਗ੍ਰੰਥਾਂ, ਸਿੰਮ੍ਰਤੀਆਂ, ਵੇਦਾਂ, ਪੁਰਾਣਾਂ ਦਾ ਸਾਰ 'ਨਾਮ' ਦੱਸਦੇ ਹਨ : (ਗਉੜੀ ਸੁਖਮਨੀ ਮ: ੫/੨੬੫, ੨੬੯, ੨੯੬)

ਸੰਸਾਰ ਦੇ ਸਾਰੇ ਰੋਗਾਂ, ਦੁਖਾਂ, ਕਲੇਸ਼ਾਂ ਦਾ ਦਾਰੂ 'ਨਾਮ' ਹੈ। ਨਾਮ ਹੀ ਮੁਕਤੀ ਦਾ ਦਾਤਾ ਹੈ, ਪੁਰਾਣਾਂ ਦਾ ਆਧਾਰ ਹੈ : ਨਾਮ ਨੂੰ ਅੰਮ੍ਰਿਤ, ਮਹਾਂਰਸ, ਜੀਵਨ ਰਹੁਰੀਤੀ, ਮੁਕਤੀ ਦਾਤਾ, ਸਦੀਵ ਸੁਖ ਦੇਣ ਵਾਲਾ ਕਿਹਾ ਹੈ । ਨਾਮ ਮਨੁੱਖ ਨੂੰ ਗਰਭ ਤੋਂ, ਜੰਮਣ ਦੁਖਾਂ ਤੋਂ, ਕਾਲ ਦੀ ਫਾਹੀ ਤੋਂ ਦੁਖ, ਮੁਸੀਬਤ, ਬਿਘਨ, ਮੁਥਾਜੀ ਤੋਂ ਬਚਾਉਂਦਾ ਹੈ ਅਤੇ ਸਰਬ ਨਿਧਾਨ, ਰਿਧਿ ਸਿਧਿ, ਨਉ ਨਿਧਿ, ਗਿਆਨ, ਬੁਧਿ, ਮਾਣ, ਆਨੰਦ ਅਤੇ ਚਿਹਰੇ ਰੂਪੀ ਕਮਲ ਦਾ ਖਿੜਾਉ ਬਖ਼ਸ਼ਦਾ ਹੈ : (ਗਉੜੀ ਮ: ੫/੨੩੬), (ਗੂਜਰੀ ਮ: ੧ ੪੮੯), (ਗੂਜਰੀ ਮ: ੪ /੧੦) ਆਸਾ ਮ: ੪/੧੧), (ਗਉੜੀ ਮ: ੧/੧੨), ਗਉੜੀ ਮ: ੫/ ੨੬੨/੬੪) ।

ਇਸ ਤੋਂ ਉਲਟ ਨਾਮ-ਵਿਹੂਣਾ ਜੀਵਨ ਸੱਚ ਵਿਹੂਣਾ ਜੀਵਨ ਹੈ, ਜੋ ਮੌਤ ਤੁੱਲ ਹੈ। ਨਾਮ ਤੋਂ ਬਿਨਾਂ ਸਾਰਾ ਕਾਰ-ਵਿਹਾਰ ਮਿਥਿਆ ਹੈ, ਨਾਮ-ਹੀਣ ਮਨੁੱਖ ਸਾਕਤ ਹੈ, ਪਸ਼ੂ-ਨਿਆਈਂ ਹੈ : (ਗਉੜੀ ਮ: ੧/ ੪੮੯), ਆਸਾ ਮ: ੧/੯), ਗਉੜੀ ਮ: ੫/੧੩੭ ਸੂਹੀ ਮ: ੫/ ੨੯੬), ਭੈਰਉ ਮ: ੫/੭੬੧), (ਗਉੜੀ ਮ: ੫/੨੩੯) 'ਸੱਚ ਅਤੇ

'ਨਾਮ' ਦੀ ਕੀਮਤ ਨਹੀਂ ਪੈ ਸਕਦੀ ਹੈ । ਭਾਵੇਂ ਕਰੋੜਾਂ ਵਰ੍ਹੇ, ਲੱਖਾਂ ਮਣ ਕਾਗਜ਼ ਉੱਤੇ ਹਵਾ ਵਾਂਗ ਚਲਦੀ ਕਲਮ ਨਾਲ 'ਨਾਮ' ਦੀ ਸਿਫਤ-ਸਲਾਹ ਲਿਖੀ ਜਾਵੇ, ਅਤੇ ਲੱਖਾਂ ਜੀਭਾਂ ਨਾਲ 'ਨਾਮ' ਦੀ ਮਹਿਮਾ ਕੀਤੀ ਜਾਵੇ, ਤਾਂ ਵੀ 'ਨਾਮ' ਦੀ ਸਰਾਹਨਾ ਮੁੱਕਦੀ ਨਹੀਂ ; (ਸਿਰੀ ਰਾਗ ਮ: ੧/੧੪/੧੭); (ਜਪੁਜੀ ੩੨); (ਗਉੜੀ ਮ: ੫/੨੬੩) ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ, ਸੰਨਿਆਸੀਆਂ ਦੇ ਆਸਣਾਂ ਅਤੇ ਤਪਾਂ ਨਾਲੋਂ ਨਾਮ-ਯੋਗ ਨੂੰ ਉੱਤਮ ਅਤੇ ਸੱਚਾ ਯੋਗ ਦੱਸਿਆ ਹੈ :

ਨਾਮ ਰਤੇ ਸਿਧਿ ਗੋਸਟਿ ਹੋਇ ...
ਜੋਗ ਜੁਗਤਿ ਸਚਿ ਰਹੇ ਸਮਾਇ ॥

(ਰਾਮਕਲੀ ਮ: ੯੪੨)

ਨਾਮ-ਯੋਗ ਸਹਿਜ ਯੋਗ ਹੈ ਜਿਸ ਵਿਚ ਸੁਰਤਿ ਨੂੰ ਸ਼ਬਦ ਨਾਲ ਜੋੜਿਆ ਜਾਂਦਾ ਹੈ । ਚੰਗੇ ਅਮਲਾਂ ਤੋਂ ਬਿਨਾਂ 'ਨਾਮ' ਦੀ ਖੇਤੀ ਨਹੀਂ ਉਗਦੀ : (ਸਿਰੀ ਰਾਗ ਮ: ੧/੧੯, ੨੩, ੨੪) । ਸਰੀਰ ਰੂਪੀ ਭਾਂਡੇ ਦੀ ਸਫ਼ਾਈ ਬਿਨਾਂ ਨਾਮ-ਰੂਪੀ ਦੁੱਧ ਸ਼ੁੱਧ ਨਹੀਂ ਰਹਿ ਸਕਦਾ :

ਭਾਂਡਾ ਧੋਇ ਬੈਸਿ ਧੂਪੁ ਦੇਵਹੁ .. ॥

(ਸੂਹੀ ਮ: ੧/੭੨੮)

ਡਾ. ਤਾਰਨ ਸਿੰਘ ਅਨੁਸਾਰ ਨਾਮ-ਯੋਗ ਦੇ ਸੱਤ ਅੰਗ ਹਨ : ਗੁਰੂ ਦੀ ਮੇਹਰ; ਗੁਰੂ ਦੇ ਦਰਸ਼ਨ ਦੀਦਾਰ; ਸੰਤ ਪੁਰਸ਼ਾਂ ਦਾ ਸਤਿਕਾਰ; ਸਤਿਸੰਗ; ਸੇਵਾ; ਸੰਜਮ ਅਤੇ ਅਰਦਾਸ । (ਗੁਰੂ ਨਾਨਕ ਜੀਵਨ, ਯੁਗ ਅਤੇ ਉਪਦੇਸ਼, ਪੰਨੇ ੭੪-੭੫) । ਨਾਮ ਕੇਵਲ ਸੰਗਯਾ ਹੈ, ਜੋ ਜਗਯਾਸੂ ਦੀ ਅਕਾਂਖਯਾ ਤੋਂ ਲੈ ਕੇ, ਜਪ ਤੋਂ ਆਰੰਭ ਹੋ ਕੇ, ਸਾਈਂ ਮਿਲਾਪ ਤੱਕ ਲੈ ਜਾਂਦੀ ਹੈ । (ਭਾਈ ਵੀਰ ਸਿੰਘ ਸੰਥਯਾ, ੧, ਪੰਨਾ ੧੫) ਨਾਮ ਸਾਡੇ ਅੰਦਰ ਵਸਦਾ ਹੈ, ਜਿਸ ਨੂੰ ਅੰਤਰ-ਮੁੱਖੀ ਦ੍ਰਿਸ਼ਟੀ ਰਾਹੀਂ ਵੇਖਿਆ ਜਾ ਸਕਦਾ ਹੈ । ਇਹ ਇਕ ਰੂਹਾਨੀ ਅਮਲ ਹੈ, ਆਤਮਿਕ ਅਹਿਸਾਸ ਹੈ, ਵਿਸਮਾਦੀ ਅਵਸਥਾ ਹੈ । ਇਹ ਅੰਤ੍ਰੀਵ ਆਤਮਿਕ ਤੀਰਥ ਦਾ

ਇਸ਼ਨਾਨ ਹੈ :

ਤੀਰਥ ਨਾਵਣ ਜਾਉ ਤੀਰਥ ਨਾਮੁ ਹੈ ॥... ..

(ਧਨਾਸਰੀ ਮ: ੧ ੬੮੮)

ਨਿਰੰਕੁਸ਼ ਸਤਿ ਅਲਖ ਹੈ ਪਰ ਗੁਰੂ ਦੀ ਕਿਰਪਾ ਨਾਲ ਇਸ਼ 'ਅਲਖ' ਨੂੰ 'ਨਾਮ' ਰਾਹੀਂ ਲਖਿਆ ਜਾ ਸਕਦਾ ਹੈ :

ਨਾਮੁ ਨਿਰੰਜਨੁ ਅਲਖੁ ਹੈ ਕਿਉ ਲਖਿਆ ਜਾਈ.....
ਗੁਰ ਪੂਰੇ ਤੇ ਪਾਈਐ ਹਿਰਦੈ ਦੇ ਦਿਖਾਈ ॥

(ਸਾਰੰਗ ਮ: ੪ ੧੨੪੨)

(ਡਾ. ਜਗਜੀਤ ਸਿੰਘ ਸਲੂਜਾ, 'ਮੂਲ ਮੰਤਰ', ਪੰਨਾ ੮੫)

ਗੁਰੂ ਕਿਰਪਾ ਦੁਆਰਾ ਬੜੀ ਪ੍ਰਸੰਨਤਾ ਯੋਗ ਗੱਲ ਹੈ ਕਿ ਥੋੜ੍ਹੇ ਸਮੇਂ ਤੋਂ ਗੁਰਸਿੱਖਾਂ ਵਿਚ ਵਾਹਿਗੁਰੂ ਜੀ ਨੇ ਨਾਮ ਸਿਮਰਨ ਦੀ ਚਾਹ ਮੁੜ ਕੇ ਉਤਪੰਨ ਹੋ ਰਹੀ ਹੈ ਤੇ ਵੱਧਦੀ ਜਾ ਰਹੀ ਹੈ। ਇਸ ਚਾਹ ਸਦਕਾ ਹੀ ਮਨ ਵਿਚ ਇਹ ਜਾਨਣ ਦੀ ਇੱਛਾ ਅਵੱਸ਼ ਹੀ ਉਤਪੰਨ ਹੋ ਜਾਂਦੀ ਹੈ ਕਿ ਨਾਮ ਕਿਵੇਂ ਸਿਮਰਿਆ ਜਾਏ ? ਇਸ ਪ੍ਰਸ਼ਨ ਦਾ ਉੱਤਰ ਵੀ ਗੁਰਬਾਣੀ 'ਚੋਂ ਲੱਭਣਾ ਹੀ ਉਚਿਤ ਹੈ। ਇਸੇ ਆਸ਼ੇ ਨੂੰ ਮੁੱਖ ਰਖਦਿਆਂ, ਨਾਮ ਸਿਮਰਨ ਗੁਰਮਤਿ ਅਨੁਸਾਰ, ਜਿਸ ਨੂੰ ਸਾਡੇ ਸਤਿਗੁਰਾਂ ਨੇ ਆਪਣੀ ਕਰਨੀ ਦੀ ਕਸਵੱਟੀ ਤੇ ਲਗਾ ਕੇ, ਤੇ ਪਰਖ ਕੇ ਅਪਣਾਇਆ ਅਤੇ ਪ੍ਰਚਾਰਿਆ ਤੇ ਇਸੇ ਤੋਂ ਹੀ ਉਨ੍ਹਾਂ ਨੂੰ ਹਲਤ ਪਲਤ ਦੇ ਸਭ ਤਰ੍ਹਾਂ ਦੇ, ਲਾਭਾਂ ਦੀ ਪ੍ਰਾਪਤੀ ਹੋਈ। ਅਸੀਂ ਵੀ ਇਸੇ ਢੰਗ ਅਨੁਸਾਰ ਸਿਮਰਨ ਅਭਿਆਸ ਕਰਕੇ ਆਤਮਕਤਾ ਦੇ ਪੰਧ ਤੇ ਅੱਗੇ ਵਧਣਾ ਹੈ ਤੇ ਸੰਸਾਰਕ ਤੇ ਆਤਮਿਕ ਸਭ ਤਰ੍ਹਾਂ ਨੇ ਲਾਭਾਂ ਦੀ ਪ੍ਰਾਪਤੀ ਕਰਨੀ ਹੈ। ਪਹਿਲੀਆਂ, ਪੁਸਤਕਾਂ (ਸਿਮਰਨ, ਸਿਮਰਨ ਵਿਧੀ, ਭਗਤੀ, ਸ੍ਰੀ ਹੇਮਕੁੰਟ ਸਾਹਿਬ, ਜੀਵਨ ਅਨੁਭਵ, ਲੇਖਾ ਰੱਬ ਮੰਗੇਸੀਆ, ਜੁਗੁ ਜੁਗੁ ਏਕੋ ਵੇਸੁ, ਸ੍ਰੀ ਮੂਲ ਮੰਤ੍ਰ ਦਰਸ਼ਨ, ਵਾਹਿਗੁਰੂ ਸਿਮਰਨ, ਵਾਹਿਗੁਰੂ ਗੁਰਮੰਤ੍ਰ ਤੇ ਵਾਹਿਗੁਰੂ ਤੇ ਸਾਇੰਸ ਅਤੇ ਆਤਮਾ-ਪਰਮਾਤਮਾ) ਤੇ ਹਥਲੀ ਪੁਸਤਕ ਵਿਚ ਵੀ, ਯਤਨ ਇਹੀ ਕੀਤਾ ਗਿਆ ਹੈ, ਕਿ ਵਿਚਾਰਾਂ ਦਾ ਕੋਈ ਅੰਗ ਵੀ ਗੁਰਮਤਿ

ਤੋਂ ਬਾਹਰ ਨਾ ਜਾਏ ਤੇ ਜੋ ਕੁਝ ਵੀ ਕਿਹਾ ਜਾਏ, ਉਹ ਗੁਰਬਾਣੀ ਦੇ ਆਧਾਰ ਤੇ ਹੀ ਕਿਹਾ ਜਾਏ।

ਅਖੀਰ ਵਿਚ ਸੇਵਕ ਅਕਾਲ ਪੁਰਖ ਵਾਹਿਗੁਰੂ ਜੀ ਦਾ, ਜਿਸ ਦੀ ਅਪਾਰ ਕਿਰਪਾ ਦੁਆਰਾ, ਤੇ ਹੋਰ ਸਜਣਾਂ ਮਿੱਤਰਾਂ ਛਾਪਕਾਂ ਦਾ ਵੀ ਤੇ ਖਾਸ ਕਰਕੇ ਡਾ. ਬਿਕਰਮ ਸਿੰਘ 'ਘੁੰਮਣ' ਜੀ ਦਾ ਸਹਿਯੋਗ ਤੇ ਸ਼ੁਭ ਇਛਾਵਾਂ ਨਾਲ, ਇਹ ਪੁਸਤਕ ਪਾਠਕਾਂ ਤੱਕ ਪਹੁੰਚ ਸਕੀ ਹੈ, ਦਾ ਅਤੀ ਧੰਨਵਾਦੀ ਹੈ। ਕੋਈ ਭੁੱਲ ਰਹਿ ਗਈ ਹੋਵੇ ਤਾਂ ਪਾਠਕ ਉਸ ਤੋਂ ਸੂਚਿਤ ਕਰਕੇ ਕਿਰਤਾਰਥ ਕਰਨ।

ਗੁਰੂ-ਪਰਮੇਸ਼ਰ ਤੇ ਸਾਧ ਸੰਗਤ ਦੀ ਨਦਰ ਦਾ ਮੰਗਤਾ।

ਸੇਵਾਦਾਰ

ਬਘੇਲ ਸਿੰਘ

ਗੁਰਮਤਿ ਨਾਮੁ ਲਈ ਪ੍ਰਭੂ ਅੱਗੇ

ਅਰਦਾਸ

ਵਾਹਿਗੁਰੂ ਜੀ ਦਾ ਨਾਮ ਲੈਣਾ ਦਾਤਾਰ ਦੀ ਮਿਹਰ ਨਾਲ ਹੁੰਦਾ ਹੈ, ਤੇ ਮਿਹਰ ਦਾਤੇ ਦੀ ਸਾਡੇ ਵੱਸ ਨਹੀਂ। ਇਸ ਦਾ ਉਪਾਉ ਗੁਰੂ ਜੀ ਦੱਸਦੇ ਹਨ ਕਿ ਜੋ ਸ਼ੈ ਦਾਤੇ ਦੇ ਵੱਸ ਹੈ, ਉਸ ਦਾ ਉਪਾਉ ਕੋਈ ਨਹੀਂ, ਪਰ ਉਸ ਲਈ ਅਰਜੋਈ ਕਰਨੀ ਇਕ ਦਰਵਾਜ਼ਾ ਸੱਚੇ ਯਾਚਕ ਲਈ ਖੁੱਲ੍ਹਾ ਹੈ, ਉਹ ਹੈ ਅਰਦਾਸ, ਸੋ ਅਰਦਾਸ ਕਰਿਆ ਕਰੋ:

ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ (ਮ. ੫/੨੪੦)

ਇਹ ਅਰਦਾਸਿ ਕਰਨੀ ਸਿਖਲਾਕੇ ਦੂਸਰੀ ਸਤਰ ਵਿਚ ਸਾਨੂੰ ਉਪਦੇਸ਼ ਦੇਂਦੇ ਹਨ ਕਿ ਅਰਦਾਸ ਪ੍ਰੇਮ ਨਾਲ ਕਰੋ, ਪ੍ਰੇਮ ਭਾਵਨਾ ਕਰਤਾ ਪੁਰਖ ! ਵਾਹਿਗੁਰੂ ਜੀ ਵੱਲ ਲਾਓ। ਹੋਰ ਜਿਧਰ ਤੁਸਾਂ ਪਿਆਰ ਲਾਏ ਹਨ ਕੂੜੇ ਹਨ, ਜਾਂ ਉਹ ਬਿਨਸ ਜਾਣਗੇ ਜਾਂ ਤੁਸੀਂ ਉਹਨਾਂ ਨੂੰ ਛੱਡ ਕੇ ਉੱਠ ਤੁਰੋਗੇ। ਫੇਰ ਉਹ ਪਿਆਰ, ਜੋ ਤੁਸਾਂ ਨੂੰ ਮਿੱਠੇ ਲੱਗ ਰਹੇ ਹਨ, ਕਉੜੇ ਤੇ ਧ੍ਰਿਕਾਰ ਯੋਗ ਲੱਗਣਗੇ:

ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥

(ਗਉੜੀ ਮ. ੫/੨੪੦)

ਅਰਦਾਸ ਸਾਡੇ ਹਿਰਦੇ ਵਿਚ ਇਹ ਯਕੀਨ ਬਿਠਾਉਂਦੀ ਹੈ ਕਿ ਵਾਹਿਗੁਰੂ ਜੀ ਸੱਚ-ਮੁਚ ਮੌਜੂਦ ਹੈ।

ਅਰਦਾਸ ਵੇਲੇ ਪ੍ਰਾਣੀ ਦੀ ਮੰਗ ਆਤਮਾ ਸੰਬੰਧੀ ਹੋਵੇ ਚਾਹੇ

ਦੁਨੀਆਂ ਦੇ ਪਦਾਰਥਾਂ ਲਈ, ਪਰ ਤਾਂਘ ਹੁੰਦੀ ਹੈ ਕਿ ਇਸ ਲੋੜ ਦੀ ਖਾਤਰ ਪਰਮਾਤਮਾ ਆਪ ਸਾਡੀ ਸਹਾਇਤਾ ਕਰੇ, ਆਪਣੀ ਉਹ ਤਾਕਤ ਵਰਤੇ ਜਿਸ ਦੀ ਮਨੁੱਖ ਨੂੰ ਅਜੇ ਸਮਝ ਨਹੀਂ ਪਈ ਤੇ ਜਿਸ ਦੇ ਵਰਤੇ ਜਾਣ ਤੇ ਲੋਕ ਆਖਣ ਲੱਗ ਪੈਂਦੇ ਹਨ ਕਿ ਕਰਾਮਾਤ ਹੋ ਗਈ ਹੈ। ਸੋ, ਅਰਦਾਸ ਮਨੁੱਖ ਨੂੰ ਦਿੱਸਦੇ ਜਗਤ ਤੋਂ ਚੁੱਕ ਕੇ ਉੱਚੇ ਆਤਮਿਕ ਮੰਡਲਾਂ ਵਿਚ ਲੈ ਅਪੜਦੀ ਹੈ।

ਅਰਦਾਸ ਦੀ ਬਰਕਤਿ ਨਾਲ ਸਾਨੂੰ ਸਦਾ ਚੇਤੇ ਰਹਿੰਦਾ ਹੈ ਕਿ ਵਾਹਿਗੁਰੂ ਸਾਡਾ ਆਸਰਾ-ਪਰਨਾ ਹੈ ਤੇ ਉਸ ਤੋਂ ਬਿਨਾਂ ਅਸੀਂ ਅਧੂਰੇ ਹਾਂ।

ਅਰਦਾਸ ਸਾਡੀ ਸ਼ਰਧਾ ਨੂੰ ਹੁਲਾਰਾ ਦੇਂਦੀ ਹੈ, ਤੇ ਇਸ ਤਰ੍ਹਾਂ ਸਾਨੂੰ ਇਸ ਰਾਹੇ ਹੋਰ ਉੱਦਮੀ ਬਣਾਉਂਦੀ ਹੈ।

ਅਰਦਾਸ ਦੇ ਅਭਿਆਸ ਨਾਲ ਆਤਮਾਂ ਦੀਆਂ ਹੋਰ ਸ਼ਕਤੀਆਂ ਭੀ ਹੁਲਾਰੇ ਵਿਚ ਆਉਂਦੀਆਂ ਹਨ। ਜਿਉਂ ਜਿਉਂ ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜਾਂਗੇ, ਮਾਇਕ ਪਦਾਰਥਾਂ ਦੇ ਸੰਸਕਾਰ ਸਾਡੀ ਸੁਰਤ ਦੀ ਡੋਰ ਨੂੰ ਤੋੜ ਨਹੀਂ ਸਕਣਗੇ। ਆਮ ਤੌਰ ਤੇ ਜੜ੍ਹ ਪਦਾਰਥਾਂ ਨਾਲ ਅਸੀਂ ਜੜ੍ਹ ਹੀ ਹੋ ਰਹੇ ਹਾਂ। ਪਰ ਜਿਹੜੇ ਗੁਰਮੁਖਿ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜਨ ਲਈ ਥੋੜ੍ਹਾ ਭੀ ਸਮਾਂ ਮੁਕਰਰ ਕਰਦੇ ਹਨ, ਉਹ ਜਾਣਦੇ ਹਨ ਕਿ ਨਿਰਾ ਇਤਨਾ ਹੀ ਉੱਦਮ ਮਨ ਨੂੰ ਮਾਇਆ ਦੇ ਪ੍ਰਭਾਵ ਤੋਂ ਉਚੇਰਾ ਕਰੀ ਜਾਂਦਾ ਹੈ।

ਅਰਦਾਸ ਦੀ ਰਾਹੀਂ ਮਨੁੱਖ ਨੂੰ ਇਕ ਹੋਰ ਸੁਆਦਲੀ ਬਰਕਤ ਹਾਸਲ ਹੋ ਜਾਂਦੀ ਹੈ। ਆਪਣੀ ਕੀਤੀ ਅਰਦਾਸ ਨੂੰ ਸਫਲ ਹੁੰਦਾ ਵੇਖ ਕੇ ਮਨੁੱਖ ਦੇ ਅੰਦਰ ਸਾਰੀ ਮਨੁੱਖ ਜਾਤੀ ਦੇ ਭਲੇ ਵਾਸਤੇ ਇਕ ਵਲਵਲਾ ਉੱਠਦਾ ਹੈ। ਆਪਣੇ ਆਪ ਨੂੰ ਵਾਹਿਗੁਰੂ ਜੀ ਦੇ ਚਰਨਾਂ ਵਿਚ ਪੇਸ਼ ਕਰਨ ਵੇਲੇ ਮਨੁੱਖ ਦੂਜਿਆਂ ਦੇ ਭਲੇ ਲਈ ਅਰਦਾਸ ਕਰਨੋ ਰਹਿ ਨਹੀਂ ਸਕਦਾ।

ਸੰਗਤ ਨਾਲ ਮਿਲ ਕੇ ਕੀਤੀ ਹੋਈ ਅਰਦਾਸ ਦੀ ਬਰਕਤ ਨਾਲ ਅਰਦਾਸ ਕਰਨ ਵਾਲਿਆਂ ਦੇ ਹਿਰਦੇ ਆਪੋ ਵਿਚ ਗੰਢੇ ਜਾਂਦੇ ਹਨ। ਇਕ ਦੂਜੇ ਨੂੰ ਸਤਿ ਸੰਗੀ 'ਆਪਣਾ' ਸਮਝਣ ਲੱਗ ਪੈਂਦੇ ਹਨ।

ਹੇ ਵਾਹਿਗੁਰੂ ਜੀਓ! ਮੈਨੂੰ ਤੇਰਾ ਹੀ ਆਸਰਾ ਹੈ, ਮੈਨੂੰ ਤੇਰੀ ਹੀ ਸਹਾਇਤਾ ਦੀ ਆਸ ਰਹਿੰਦੀ ਹੈ। ਮਿਹਰ ਕਰ, ਕਿ ਬੈਠਦਿਆਂ ਉੱਠਦਿਆਂ, ਸੁੱਤਿਆਂ ਜਾਗਦਿਆਂ, ਹਰੇਕ ਸਾਹ ਦੇ ਨਾਲ, ਮੈਨੂੰ ਤੂੰ ਕਦੇ ਭੀ ਨਾ ਭੁੱਲੇਂ।

ਤੈਥੋਂ ਬਿਨਾਂ ਮੇਰਾ ਹੋਰ ਕੋਈ ਸਹਾਰਾ ਨਹੀਂ, ਤੂੰ ਸਦਾ ਹੀ ਮੇਰੇ ਮਨ ਵਿਚ ਵੱਸਦਾ ਰਹੁ। ਤੂੰ ਹੀ ਮੇਰਾ ਸੱਜਣ ਹੈਂ, ਤੂੰ ਹੀ ਮੇਰਾ ਸਾਥੀ ਹੈਂ, ਤੂੰ ਹੀ ਮੇਰਾ ਮਾਲਕ ਹੈ :

ਤੁਝ ਬਿਨੁ ਅਵਰੁ ਨਾਹੀ ਮੈ ਦੂਜਾ ਤੂੰ ਮੇਰੇ ਮਨ ਮਾਹੀ ॥
ਤੂੰ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ ॥
ਤੁਮਰੀ ਓਟ ਤੁਮਾਰੀ ਆਸਾ ॥
ਬੈਠਤ ਊਠਤ ਸੋਵਤ ਜਾਗਤ ਵਿਸਰੁ ਨਾਹੀ ਤੂੰ ਸਾਸ ਗਿਰਾਸ ॥

ਹੇ ਗੁਰੂ ਜੀ! ਮੈਂ ਤੇਰੀ ਸ਼ਰਨ ਆਇਆ ਹਾਂ। ਮੇਰੀ ਚਿੰਤਾ ਦੂਰ ਕਰ, ਮਿਹਰ ਕਰ, ਤੇਰੇ ਦਰ ਤੋਂ ਮੈਨੂੰ ਵਾਹਿਗੁਰੂ ਜੀ ਦਾ ਨਾਮ ਮਿਲ ਜਾਏ। ਇਹੋ ਮੇਰੇ ਵਾਸਤੇ ਸੁਖ ਹੈ, ਏਹੀ ਮੇਰੇ ਵਾਸਤੇ ਸ਼ੋਭਾ ਹੈ।

ਹੇ ਪ੍ਰਭੂ ਜੀਓ! ਮੈਂ ਹੋਰ ਆਸ਼ਰਿਆਂ ਵਲੋਂ ਹਾਰ ਕੇ ਤੇਰੇ ਦਰ ਤੇ ਆ ਪਿਆ ਹਾਂ, ਹੁਣ ਮੈਨੂੰ ਕੋਈ ਹੋਰ ਆਸਰਾ ਸੁੱਝਦਾ ਨਹੀਂ। ਤੇ ਵਾਹਿਗੁਰੂ ਜੀ! ਅਸਾਂ ਜੀਵਾਂ ਦੇ ਕਰਮਾਂ ਦਾ ਲੇਖਾ ਨਾ ਕਰੀਂ :

ਸਤਿਗੁਰ ਆਇਓ ਸਰਣਿ ਤੁਹਾਰੀ ॥
ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥
ਅਵਰੁ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥
ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥

(ਟੋਡੀ ਮ: ੫/੭੧੩)

ਹੇ ਵਾਹਿਗੁਰੂ ਜੀ! ਮੇਰੀ ਇਹ ਬੇਨਤੀ ਸੁਣ। ਗੁਰੂ ਜੀ ਦਾ

ਰਾਹੀਂ ਮੈਨੂੰ ਆਪਣਾ ਸੇਵਕ ਬਣਾ ਕੇ ਆਪਣਾ ਨਾਮ ਬਖਸ਼।

ਹੇ ਮੇਰੇ ਪ੍ਰਭੂ! ਤੇਰੀ ਪੂਰਨ ਮੇਹਰ ਹੋਵੇ, ਤੇ, ਮੈਨੂੰ ਗੁਰੂ ਮਿਲ ਪਏ। ਗੁਰੂ ਦਾ ਦਰਸ਼ਨ ਕਰਕੇ ਆਤਮਕ ਜੀਵਨ ਮਿਲ ਜਾਂਦਾ ਹੈ।

ਹੇ ਸਭ ਦਾਤਾਂ ਦੇਣ ਵਾਲੇ ਪਰਮਾਤਮਾ ਜੀਓ! ਮੈਨੂੰ ਆਪਣੀ ਸ਼ਰਨ ਵਿਚ ਰੱਖ। ਮਿਹਰ ਕਰ, ਤੇਰੇ ਸੋਹਣੇ ਚਰਨ ਸਦਾ ਮੇਰੇ ਚਿੱਤ ਵਿਚ ਵਸਦੇ ਰਹਿਣ। ਬੱਸ! ਮੇਰੀ ਇਹੀ ਅਰਜੋਈ ਹੈ ਕਿ ਮੈਂ ਤੈਨੂੰ ਕਦੇ ਨਾ ਭੁਲਾਵਾਂ :

ਦਰਸਨੁ ਦੇਖਿ ਜੀਵਾ ਗੁਰ ਤੇਰਾ ॥
ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ੧ ॥
ਇਹ ਬੇਨਤੀ ਸੁਨਿ ਪ੍ਰਭ ਮੇਰੇ ॥
ਦੇਹਿ ਨਾਮੁ ਕਰਿ ਆਪਣੇ ਚੇਰੇ ॥ ੧ ॥ ਰਹਾਉ ॥
ਆਪਣੀ ਸਰਣਿ ਰਾਖ ਪ੍ਰਭ ਦਾਤੇ ॥
ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥ ੨ ॥
ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥
ਚਰਨ ਕਮਲ ਵਸਹਿ ਮੇਰੈ ਚੀਤਾ ॥ (ਸੂਹੀ ਮ: ੫/੭੪੨)

ਹੇ ਮੇਰੇ ਰਾਮ! ਮੇਰੇ ਵਰਗੀਆਂ ਤੇਰੇ ਦਰ ਤੇ ਅਨੇਕਾਂ ਦਾਸੀਆਂ ਹਨ। ਹੇ ਵਾਹਿਗੁਰੂ ਜੀ! ਮੈਂ ਤੇਰੀ ਕਦਰ ਨਹੀਂ ਸਮਝ ਸਕੀ। ਮੈਂ ਤੇਰੇ ਗੁਣਾਂ ਦੀ ਕਦਰ ਨਹੀਂ ਜਾਣਦੀ। ਮੇਰੇ ਉੱਤੇ ਮੇਹਰ ਕਰ! ਮੈਨੂੰ ਅਜਿਹੀ ਸਮਝ ਬਖਸ਼ ਕਿ ਅੱਠੇ ਪਹਿਰ ਮੈਂ ਤੇਰਾ ਸਿਮਰਨ ਕਰਦੀ ਰਹਾਂ :

ਤੂੰ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥
ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥
ਸਾਰ ਨਾ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥
ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥੧॥
(ਸੂਹੀ ਛੰਤ ਮ. ੫/੭੭੯)

ਹੇ ਵਾਹਿਗੁਰੂ ਜੀਓ! ਮਿਹਰ ਕਰਕੇ ਤੂੰ ਆਪਣੀ ਹੀ ਸ਼ਰਨ ਵਿਚ

ਰੱਖ। ਮੈਨੂੰ ਤੇਰੀ ਸੇਵਾ ਭਗਤੀ ਕਰਨ ਦੀ ਜਾਚ ਅਕਲ ਨਹੀਂ।

ਹੇ ਵਾਹਿਗੁਰੂ ਜੀਓ ! ਮੇਰੇ ਨਿਤ ਦੇ ਕਰਮ ਇਹ ਹਨ ਕਿ ਮੈਂ ਤੈਨੂੰ ਭੁਲਾ ਕੇ ਤੇਰੀ ਟਹਿਲਣ-ਮਾਇਆ ਦੀ ਸੰਗਤਿ ਵਿਚ ਟਿਕਿਆ ਰਹਿੰਦਾ ਹਾਂ।

ਹੇ ਵਾਹਿਗੁਰੂ ਜੀਓ ! ਤੂੰ ਮਿਹਰ ਕਰਕੇ ਮੈਨੂੰ ਹਰੇਕ ਚੀਜ਼ ਦੇਂਦਾ ਹੈਂ । ਮੈਂ ਨਾ-ਸ਼ੁਕਰਾ ਹਾਂ । ਮੈਂ ਤੈਨੂੰ ਆਪਣੇ ਚਿੱਤ ਵਿਚ ਨਹੀਂ ਵਸਾਉਂਦਾ, ਸਦਾ ਤੇਰੀਆਂ ਦਿਤੀਆਂ ਦਾਤਾਂ ਨਾਲ ਹੀ ਚਿੰਬੜਿਆ ਰਹਿੰਦਾ ਹਾਂ :

ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥ ੧ ॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥
ਹਮ ਅਪਰਾਧੀ ਸਦ ਭੂਲਤੇ ਤੁਮ੍ਹ ਬਖਸਨਹਾਰੇ ॥੧॥ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥ ੨ ॥
ਤੁਮ੍ਹ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥

(ਬਿਲਾਵਲੁ ਮ: ੫/੮੦੯)

ਹੇ ਗਰੀਬਾਂ ਉੱਤੇ ਬਖ਼ਸ਼ਸ਼ਾਂ ਕਰਨ ਵਾਲੇ ਵਾਹਿਗੁਰੂ ਜੀ ! ਮੇਰੇ ਉੱਤੇ ਮਿਹਰ ਕਰ। ਮੇਰਾ ਕੋਈ ਗੁਣ ਨਾ ਵਿਚਾਰੀਂ, ਮੇਰਾ ਕੋਈ ਔਗੁਣ ਨਾ ਵਿਚਾਰੀਂ, ਮੇਰੇ ਅੰਦਰ ਤਾਂ ਔਗੁਣ ਹੀ ਔਗੁਣ ਹਨ। ਪਾਣੀ ਨਾਲ ਧੋਤਿਆਂ ਮਿਟੀ ਦਾ ਮੈਲਾ-ਪਨ ਕਦੇ ਧੁਪ ਨਹੀਂ ਸਕਦਾ।

ਹੇ ਪ੍ਰਭੂ ਜੀ ! ਮੈਂ ਤੇਰਾ ਦਾਸ ਹਾਂ। ਮਿਹਰ ਕਰ, ਮੈਂ ਤੇਰੀ ਭਗਤੀ ਕਰਦਾ ਹਾਂ, ਮੈਂ ਤੇਰੇ ਗੁਣ ਗਾਉਂਦਾ ਰਹਾਂ :

ਕਿਰਪਾ ਕਰਹੁ ਦੀਨ ਕੇ ਦਾਤੇ
ਮੇਰਾ ਗੁਣ ਅਵਗੁਣ ਨ ਬੀਚਾਰਹੁ ਕੋਈ ॥

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥

(ਰਾਮਕਲੀ ਮ: ੫/੮੮੨)

ਹੇ ਵਾਹਿਗੁਰੂ ਜੀਓ ! ਮੈਂ ਤੇਰੇ ਦਰ ਤੇ ਮੰਗਤਾ ਬਣ ਕੇ ਖੜਾ ਹਾਂ। ਭਲਾ ਤੈਥੋਂ ਬਿਨਾ ਹੋਰ ਕੌਣ ਮੇਰੀ ਦਾਰੀ ਕਰ ਸਕਦਾ ਹੈ। ਹੇ ਦਾਤਾ ਜੀਉ ! ਬੂਹਾ ਖੋਹਲ ਕੇ ਮੈਨੂੰ ਦੀਦਾਰ ਬਖ਼ਸ਼ੋ ਜੀ।

ਹੇ ਦਾਤਾਰ ਜੀਓ ! ਤੂੰ ਜਗਤ ਦੇ ਸਾਰੇ ਧਨ-ਪਦਾਰਥ ਦਾ ਹੈਂ। ਤੂੰ ਹੀਂ ਦਾਨੀ ਹੈਂ, ਹੋਰ ਸਭ ਮੈਨੂੰ ਕੰਗਾਲ ਦਿਸ ਰਹੇ ਹਨ। ਮੇਰਾ ਬੇੜਾ ਤੇਰੇ ਰਾਹੀਂ ਹੀ ਪਾਰ ਹੋ ਸਕਦਾ ਹੈ :

ਦਰਮਾਂਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ,
ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ਰਹਾਉ॥
ਤੁਮ ਧਨ ਧਨੀ ਉਦਾਰ ਤਿਆਗੀ,
ਸ੍ਰਵਨਨ ਸੁਨੀਅਤ ਸੁਜਸੁ ਤੁਮ੍ਹਾਰ ॥
ਮਾਗਉ ਕਾਹਿ ਰੰਕ ਸਭ ਦੇਖਉ,
ਤੁਮ ਹੀ ਮੇਰੋ ਨਿਸਤਾਰੁ ॥ (ਬਿਲਾਵਲੁ ਕਬੀਰ ਜੀ, ੮੫੬)

ਹੇ ਸੋਹਣੇ ਲੰਮੇ ਕੇਸ਼ਾਂ ਵਾਲੇ ਵਾਹਿਗੁਰੂ ਜੀਓ ! ਤੂੰ ਹੀ ਮੇਰਾ ਪੈਦਾ ਕਰਨ ਵਾਲਾ ਤੇ ਰਾਖਾ ਹੈਂ। ਜੋ ਜੋ ਭੀ ਤੇਰੀ ਸ਼ਰਨ ਆਉਂਦਾ ਹੈ, ਤੂੰ ਉਸ ਨੂੰ ਬਿਪਤਾ ਤੋਂ ਬਚਾ ਲੈਂਦਾ ਹੈਂ।

ਹੱਥਾਂ ਵਿਚ ਚੱਕਰ ਫੜਕੇ ਬੈਕੁੰਠ ਤੋਂ ਤੂੰ ਹੀ ਆਇਆ ਸੈਂ, ਤੇ ਗਜ ਦੀ ਜਿੰਦ ਤੂੰ ਹੀ ਤੰਦੂਏ ਤੋਂ ਬਚਾਈ ਸੀ। ਦੁਹਸਾਸਨ ਦੀ ਸਭਾ ਵਿਚ ਜਦੋਂ ਦਰੋਪਤੀ ਦੇ ਬਸਤਰ ਉਤਾਰੇ ਜਾ ਰਹੇ ਸਨ, ਉਸ ਦੀ ਇੱਜ਼ਤ ਤੂੰ ਹੀ ਬਚਾਈ ਸੀ। ਗੌਤਮ ਰਿਸ਼ੀ ਦੀ ਵਹੁਟੀ ਅਹੱਲਿਆ ਨੂੰ (ਜੋ ਰਿਸ਼ੀ ਦੇ ਸਰਾਪ ਨਾਲ ਸਿਲ ਬਣ ਗਈ ਸੀ) ਤੂੰ ਹੀ ਮੁਕਤ ਕੀਤਾ ਸੀ। ਮੈਂ ਨੀਚ-ਜਾਤਿ ਨਾਮਦੇਵ ਭੀ, ਹੇ ਪ੍ਰਭੂ ਜੀਓ ! ਤੇਰੀ ਹੀ ਸ਼ਰਨ ਆਇਆ ਹਾਂ :

ਮੇਰੇ ਬਾਪੁ ਮਾਧਉ, ਤੂ ਧਨੁ ਕੇਸੌ,

ਸਾਵਲੀਓ ਬੀਠੁਲਾਇ ॥ ੧ ॥ ਰਹਾਉ ॥
ਕਰ ਧਰੇ ਚਕ੍ਰ ਬੈਕੁੰਠ ਤੇ ਆਏ
ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥
ਦੁਹਸਾਸਨ ਕੀ ਸਭਾ ਦ੍ਰੋਪਤੀ
ਅੰਬਰ ਲੇਤ ਉਬਾਰੀਅਲੇ ॥੧॥
ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥
ਐਸਾ ਅਧਮੁ ਅਜਾਤਿ ਨਾਮਦੇਉ,
ਤਉ ਸਰਨਾਗਤਿ ਆਈਅਲੇ ॥

(ਮਾਲੀ ਗਉੜਾ ਨਾਮਦੇਵ ਜੀ ੯-੮੮)

ਹੇ ਅਕਾਲ ਪੁਰਖ ! ਵਾਹਿਗੁਰੂ ਜੀਓ ! ਤੇਰੇ ਦਰ ਤੇ ਨਿਮਾਣੇ ਮੰਗਤੇ, ਤੇਰੇ ਦਰ ਤੇ ਖਲੋਤੇ ਹੋਏ ਹਨ, ਬਹੁਤ ਤਰਸ ਰਿਹਾਂ ਨੂੰ, ਇਹ ਖੈਰ ਪਾ । ਹੇ ਵਾਹਿਗੁਰੂ ! ਇਨ੍ਹਾਂ ਪਾਪਾਂ ਤੋਂ ਬਚਾ ਲੈ, ਅਸੀਂ ਤੇਰੀ ਸ਼ਰਨ ਆਏ ਹਾਂ । ਹੇ ਪ੍ਰਭੂ ਜੀਓ ! ਗੁਰੂ ਦੀ ਮਤਿ ਦੀ ਰਾਹੀਂ ਆਪਣਾ ਨਾਮ ਮੇਰੇ ਅੰਦਰ ਪੱਕਾ ਕਰ ਦਿਓ :

ਮੰਗਤ ਜਨ ਦੀਨ ਖਰੇ ਦਰ ਠਾਢੇ
ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ
ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ ॥

(ਕਲਿਆਨ ਮ: ੪/੧੩੨੫)

ਹੇ ਵਾਹਿਗੁਰੂ ! ਮੇਰੇ ਮਨ ਵਿਚ ਤੇਰਾ ਨਾਮ ਹੀ ਆਸਰਾ ਹੈ । ਤੇਰੀ ਸੇਵਾ-ਭਗਤੀ ਕਰਨ ਤੋਂ ਬਿਨਾ ਮੈਂ ਇਕ ਪਲ ਭਰ ਭੀ ਰਹਿ ਨਹੀਂ ਸਕਦਾ । ਗੁਰੂ ਜੀ ਦੀ ਸਿਖਿਆ ਦੁਆਰਾ ਨਾਮ ਨੂੰ ਸਿਮਰਦਾ ਹਾਂ । ਹੇ ਪ੍ਰਭੂ ! ਇਹ ਕਿਰਪਾ ਕਰੋ; ਜ਼ਿੰਦਗੀ ਦੇ ਜਿਤਨੇ ਭੀ ਸਾਹ ਹਨ, ਉਨ੍ਹਾਂ ਵਿਚ ਮੈਂ ਗੁਰੂ ਜੀ ਦੀ ਮਤਿ ਦੇ ਆਸਰੇ ਆਪ ਜੀ ਦੇ ਨਾਮ ਨੂੰ ਹੀ ਸਿਮਰਦਾ ਰਹਾਂ । ਜਿਹੜਾ ਇਕ ਭੀ ਸਾਹ ਪਰਮੇਸ਼ਰ ਦੇ ਨਾਮ ਤੋਂ ਬਿਨਾ ਜਾਂਦਾ ਹੈ, ਉਹ ਸਾਹ ਵਿਅਰਥ ਜਾਂਦਾ ਹੈ, ਬੇ-ਕਾਰ ਜਾਂਦਾ ਹੈ :

ਰਾਮ ਮੇਰੈ ਮਨਿ ਤਨਿ ਨਾਮੁ ਅਧਾਰੇ ॥
ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ
ਮੈ ਗੁਰਮਤਿ ਨਾਮੁ ਸਮ੍ਹਾਰੇ ॥੧॥
ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥
ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥
(ਨਟ ਮ: ੪/੯੮੦-੯੮੧)

ਵਾਹਿਗੁਰੂ ਜੀ ਦਾ ਭਗਤ ਜਿਸ ਦੇ ਹਿਰਦੇ ਵਿਚ ਸਦਾ ਪਰਮਾਤਮਾ ਦਾ ਨਾਮ ਵਸਦਾ ਹੈ, ਪਰਮਾਤਮਾ ਦਾ ਰੂਪ ਹੀ ਹੋ ਜਾਂਦਾ ਹੈ। ਪਰ ਉਹੀ ਮਨੁੱਖ ਗੁਰੂ ਜੀ ਦੀ ਮਤਿ ਲੈ ਕੇ ਪਰਮੇਸ਼ਰ ਦਾ ਨਾਮ ਆਪਣੇ ਹਿਰਦੇ ਵਿਚ ਸੰਭਾਲਦਾ ਹੈ ਜਿਸ ਦੇ ਮੱਥੇ ਉੱਤੋਂ ਧੁਰੋਂ ਚੰਗੀ ਕਿਸਮਤ ਦਾ ਲੇਖ ਲਿਖਿਆ ਹੁੰਦਾ ਹੈ :

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ
ਜਿਸੁ ਹਿਰਦੈ ਹਰਿਨਾਮੁ ਮੁਰਾਰਿ ॥
ਮਸਤਕਿ ਭਾਗੁ ਹੋਵੈ ਜਿਸੁ ਲਿਖਿਆ
ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰ ॥
(ਭੈਰਉ ਮ: ੫/੧੧੩੪)

ਹੇ ਜਗਤ ਦੇ ਜੀਵਨ ! ਹੇ ਮੇਰੇ ਪਿਆਰੇ ! ਮੈਨੂੰ ਆ ਮਿਲੋ, ਦਇਆ ਕਰਕੇ-'ਹਰਿ ਹਰਿ' ਨਾਮ ਮੇਰੇ ਮਨ ਵਿਚ ਧਾਰਨ ਕਰਾਈ ਰੱਖੋ। ਗੁਰੂ ਦੀ ਮਤਿ ਦੁਆਰਾ ਪ੍ਰਾਪਤ ਹੋਇਆ ਨਾਮ ਮੇਰੇ ਮਨ ਨੂੰ ਮਿੱਠਾ ਲਗ ਕੇ ਭਾ ਗਿਆ ਹੈ। ਨਾਮ ਨਾਲ ਮੇਰਾ ਮਨ ਪ੍ਰਸੰਨ ਹੋਇਆ ਗਦ ਗਦ ਰਹਿੰਦਾ ਹੈ :

ਮੈ ਆਇ ਮਿਲਹੁ ਜਗ ਜੀਵਨ ਪਿਆਰੇ ॥
ਹਰਿ ਹਰਿ ਨਾਮੁ ਦਇਆ ਮਨ ਧਾਰੇ ॥
ਗੁਰਮਤਿ ਨਾਮੁ ਮੀਠਾ ਮਨਿ ਭਾਇਆ
ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥ (ਮਾਝ ਮ: ੪/੯੫)

ਹੇ ਮੇਰੇ ਮਿਤ੍ਰ ਗੁਰਦੇਵ ਜੀ ! ਮੈਨੂੰ ਰਾਮ ਨਾਮ ਦਾ ਪ੍ਰਕਾਸ਼ ਕਰੋ।

ਗੁਰੂ ਜੀ ਦੀ ਸਿਖਿਆ ਅਨੁਸਾਰ ਮਿਲਿਆ ਨਾਮੁ ਮੇਰੇ ਪ੍ਰਾਣਾਂ ਦਾ ਮਿੱਤ੍ਰ ਹੋਵੇ। ਹਰੀ ਦਾ ਜਸ ਗਾਡੀ ਰਹੁਰੀਤ ਹੋਵੇ :

ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮ ਪਰਗਾਸਿ ॥
ਗੁਰਮਤਿ ਮੇਰਾ ਪ੍ਰਾਨ ਸਖਾਈ
ਹਰਿ ਕੀਰਤਿ ਹਮਰੀ ਰਹਰਾਸਿ ॥ (ਗੁਜਰੀ ਮ: ੪/੧੦)

ਵਾਹਿਗੁਰੂ ਜੀ ! ਮੇਹਰ ਕਰੋ ਕਿ ਗੁਰੂ ਜੀ ਦੀ ਮਤਿ ਦੁਆਰਾ ਮਿਲਿਆ ਨਾਮ ਕਦੇ ਨਾ ਭੁੱਲੇ ਤਾਂ ਸਹਿਜੇ ਹੀ ਪਤਿ ਪ੍ਰਾਪਤ ਹੋ ਜਾਂਦੀ ਹੈ, ਸਾਡੇ ਸਭਨਾਂ ਦੇ ਅੰਦਰ ਸ਼ਬਦ ਵਾਹਿਗੁਰੂ ਰੂਪੀ ਖਜਾਨਾ ਹੈ, ਉਸਨੂੰ ਮਿਲ ਪਈਦਾ ਹੈ :

ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥
ਅੰਤਰਿ ਸਬਦੁ ਨਿਧਾਨ ਹੈ ਮਿਲਿ ਆਪੁ ਗਵਾਈਐ ॥
(ਗਉੜੀ ਮ: ੧/੨੨੮)

ਨਾਮ ਦੀ ਲੋੜ

ਸੰਸਾਰ ਵਿਚ ਕਿਸੇ ਵਿਅਕਤੀ ਨੂੰ ਬੁਲਾਉਣ ਜਾਂ ਉਸਨੂੰ ਮਿਲਣ ਲਈ ਨਾਮ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਕਿਸੇ ਚੀਜ਼ ਦੀ ਪ੍ਰਾਪਤੀ ਲਈ ਉਸ ਦਾ ਨਾਂ ਜਾਨਣਾ ਜ਼ਰੂਰੀ ਹੁੰਦਾ ਹੈ। ਜੇ ਉਸ ਵਿਅਕਤੀ ਜਾਂ ਵਸਤੂ ਦਾ ਨਾਉਂ ਨਾ ਆਉਂਦਾ ਹੋਵੇ ਤਾਂ ਫਿਰ ਉਸ ਦੇ ਗੁਣ ਜਾਂ ਲੱਛਣਾਂ ਦਾ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਜੀਵ ਉਸ ਤਾਂਈਂ ਪਹੁੰਚ ਕੇ ਉਸ ਨੂੰ ਪ੍ਰਾਪਤ ਕਰ ਸਕੇ। ਮਾਤਾ ਪਿਤਾ ਆਪਣੇ ਬੱਚੇ ਦਾ ਨਾਂ ਅਜਿਹਾ ਰੱਖਣ ਦੀ ਕੋਸ਼ਿਸ਼ ਕਰਦੇ ਹਨ ਜਿਹੜਾ ਉਨ੍ਹਾਂ ਦੇ ਹਿਰਦੇ ਦੀ ਇੱਛਾ ਤੇ ਉਨ੍ਹਾਂ ਦੇ ਆਦਰਸ਼ ਨੂੰ ਪ੍ਰਗਟਾਉਂਦਾ ਹੋਵੇ। ਇਸ ਨਾਲ ਉਨ੍ਹਾਂ ਦਾ ਆਦਰਸ਼ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਰਹਿੰਦਾ ਹੈ। ਭਾਵ ਇਹ ਕਿ ਜਦ ਕਿਸੇ ਪੁਰਸ਼, ਇਸਤਰੀ ਜਾਂ ਵਸਤੂ ਦਾ ਨਾਂ ਲਈਦਾ ਹੈ ਤਾਂ ਉਸ ਦਾ ਆਕਾਰ ਅੱਖਾਂ ਅੱਗੇ ਸਾਹਮਣੇ ਆ ਜਾਂਦਾ ਹੈ, ਜਿਸ ਦੁਆਰਾ ਅਸੀਂ ਮਨ ਕਰਕੇ ਉਸ ਵਸਤੂ ਜਾਂ ਵਿਅਕਤੀ ਦੇ ਨੇੜੇ ਹੋ ਜਾਂਦੇ ਹਾਂ ਤੇ ਉਸ ਦੀ ਹੋਂਦ ਨੂੰ ਮਹਿਸੂਸ ਕਰਦੇ ਹਾਂ। ਪਰ ਇਕ ਆਕਾਰ ਤੇ ਹੋਂਦ ਉਹ ਅਸਲ ਆਪ ਨਹੀਂ, ਇਹ ਤਾਂ ਉਸ ਨੂੰ ਪ੍ਰਗਟਾਉਣ ਲਈ ਅੱਖਰੀ ਨਾਮ ਤੋਂ ਕੋਈ ਅਸਲੀ ਸ਼ੈ ਹੈ ਜੋ ਅਸਲ ਰੂਪ ਵਿਚ ਉਸ ਵਿਅਕਤੀ ਜਾਂ ਵਸਤੂ ਨਾਲ ਪੂਰੀ ਤਰ੍ਹਾਂ ਅਭੇਦ ਹੁੰਦੀ

ਹੈ, ਪਰ ਉਹ ਨਹੀਂ ਹੁੰਦੀ ਹੈ। ਇਹ ਵੀ ਨਾਮ ਕਿਉਂ ਜੋ ਇਹ ਉਸਦਾ ਨਿਸ਼ਾਨ ਹੈ ਪਰ ਇਹ ਨਾਮ ਅਸਲ ਵਿਚ ਉਸਦਾ ਮਿਲਾਵਣਹਾਰ ਹੈ। ਅੱਖਰੀ ਨਾਮ ਸਥੂਲ ਨਾਮ ਹੈ ਅਤੇ ਇਹ ਸਥੂਲ ਨਾਮ ਰਾਹੀਂ ਪ੍ਰਾਪਤ ਹੋਇਆ ਸੂਖਮ ਨਾਮ! ਸੋ ਵਿਅਕਤੀ ਜਾਂ ਵਸਤੂ ਦੀ ਪ੍ਰਾਪਤੀ ਤੋਂ ਪਹਿਲੋਂ ਉਸ ਵਿਅਕਤੀ ਜਾਂ ਵਸਤੂ ਦਾ ਇਹ ਸੂਖਮ ਰੂਪ ਪ੍ਰਾਪਤ ਹੋਣਾ ਲਾਜ਼ਮੀ ਹੈ।

ਇਸੇ ਤਰ੍ਹਾਂ ਵਾਹਿਗੁਰੂ ਜੀ ਨੂੰ ਮਿਲਣ ਲਈ ਵੀ ਉਸ ਦੀ ਲੋੜ ਹੈ। ਇਹ ਨਾਮ ਇਸੇ ਤਰ੍ਹਾਂ ਅੱਖਰੀ ਤੇ ਸੂਖਮ ਦੋਵੇਂ ਕਿਸਮ ਦਾ ਹੈ ਪਰ ਇਥੇ ਇਕ ਗੱਲ ਹੋਰ ਚੇਤੇ ਰੱਖਣ ਵਾਲੀ ਹੈ ਕਿ ਪਦਾਰਥਕ ਵਸਤਾਂ ਜਿਥੇ ਸਥੂਲ ਹਨ, ਵਾਹਿਗੁਰੂ ਜੀ ਸੂਖਮ ਹਨ:

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥
(ਸੂਹੀ ਮ: ੩/੭੫੬)

ਅਤੇ ਸੂਖਮ ਵੀ ਅਤੀ ਸੂਖਮ ਜਿਸ ਤੋਂ ਪਰੇ ਸੂਖਮਤਾ ਹੀ ਨਹੀਂ ਹੈ। ਉਹ ਅਕਾਲ ਮੂਰਤਿ ਹੈ ਅਰਥਾਤ ਉਹ ਮੂਰਤਿ ਹੱਦਬੰਦੀ ਵਿਚ ਨਹੀਂ, ਸਮੇਂ ਵਿਚ ਨਹੀਂ, ਦੇਸ਼ ਤੇ ਕਾਲ ਤੋਂ ਪਰੇ ਹੈ ਤੇ ਹਰ ਥਾਈਂ ਹੈ:

ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ
ਪਾਰਬ੍ਰਹਮ ਪ੍ਰਭੁ ਦਾਤਾ ਰਾਮ ॥ (ਬਿਹਾਗੜਾ ਮ: ੪/੫੪੧)

ਭਾਵ: ਹੇ ਮੇਰੀ ਸੋਹਣੀ ਜਿੰਦੇ! ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਵਾਹਿਗੁਰੂ ਪਰਮਾਤਮਾ ਹਰੇਕ ਥਾਂ ਵਿਚ ਵੱਸ ਰਿਹਾ ਹੈ ਅਤੇ ਉਸ ਸੂਖਮ ਵਾਹਿਗੁਰੂ ਜੀ ਦਾ ਮਿਲਾਪ ਵੀ ਘਟ ਵਿਚ ਹੀ ਹੁੰਦਾ ਹੈ। ਘਟ ਵਿਚ ਮਿਲਾਪ ਹੋਣ ਤੇ ਫਿਰ ਬਾਹਰ ਰਵਿਆ ਦਿਸਦਾ ਹੈ—ਪਹਿਲੋਂ ਅੰਦਰ ਹਿਰਦੇ ਵਿਚ, ਨਾਮ ਪਰਗਟ ਹੋਣ ਨਾਲ ਦਿੱਬ-ਨੇਤ੍ਰ ਪ੍ਰਾਪਤ ਹੋਣਗੇ ਫਿਰ ਉਸ ਦੀ ਜੋਤੀ ਬਾਹਰ ਪਸਰੀ ਦਿਸੇਗੀ ਤੇ ਓਤ-ਪੋਤ ਨਜ਼ਰੀ ਪਵੇਗੀ:

'ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥

ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥

(ਬਿਲਾਵਲ ਮ: ੧/੮੩੮)

ਪਦਾਰਥਕ ਚੀਜ਼ਾਂ ਦਾ ਸੂਖਮ ਨਾਮ ਵੀ ਮਨ ਵਿਚ ਹੀ ਪ੍ਰਗਟ ਹੁੰਦਾ ਹੈ, ਪਰ ਇਥੇ ਉਹ ਵਿਅਕਤੀ ਵੀ ਮਨ ਵਿਚ ਹੀ ਨਿਵਾਸ ਕਰਦਾ ਹੈ ਜਿਸ ਦਾ ਕਿ ਸੂਖਮ ਨਾਮ ਮਨ ਵਿਚ ਪ੍ਰਗਟ ਹੋਣਾ ਹੈ। ਇਸ ਤਰ੍ਹਾਂ ਵਾਹਿਗੁਰੂ ਜੀ ਤੇ ਵਾਹਿਗੁਰੂ ਜੀ ਦੇ ਨਾਮ, ਦੋਹਾਂ ਦੇ ਪਰਗਟ ਹੋਣ ਦਾ ਸਥਾਨ ਇਕੋ ਹੈ। ਇਸੇ ਕਰਕੇ ਜਿਸ ਵੇਲੇ ਵਾਹਿਗੁਰੂ ਜੀ ਦੇ ਅੱਖਰੀ ਨਾਮ ਤੋਂ ਸੂਖਮ ਨਾਮ ਨੇ ਹਿਰਦੇ ਵਿਚ ਪ੍ਰਗਟ ਹੋਣਾ ਹੈ ਤਾਂ ਨਾਮੀ (ਵਾਹਿਗੁਰੂ ਜੀ) ਸੁਤੇ ਹੀ ਉਥੇ ਬਿਰਾਜਮਾਨ ਹੋਣਗੇ ਤੇ ਪਰਤੱਖ ਦਰਸ਼ਨ ਦੇਣਗੇ ਅਤੇ ਸੂਖਮ ਨਾਮ ਦੇ ਪ੍ਰਗਟ ਹੋਣ ਤੋਂ ਬਾਅਦ ਪਦਾਰਥਕ ਵਸਤਾਂ ਵਾਂਗ ਉਸ ਦੀ ਅਸਲ ਵਸਤੂ ਨੂੰ ਬਾਹਰ ਹੋਰ ਢੂੰਡਣ ਦੀ ਲੋੜ ਨਹੀਂ ਪੈਣੀ। ਤਾਂ ਤੇ ਸੂਖਮ ਨਾਮ ਆਪ ਹੀ ਵਾਹਿਗੁਰੂ ਹੈ।

ਗੁਰਬਾਣੀ ਵਿਚ ਸਤਿਗੁਰਾਂ ਨੇ ਵਾਹਿਗੁਰੂ ਨਾਮ ਦੀ ਹੀ ਮਹਿਮਾ ਗਾਈ ਹੈ, ਜਿਸ ਦੁਆਰਾ ਮਾਇਆ ਜਿੱਤ ਕੇ ਵਾਹਿਗੁਰੂ ਜੀ ਦੇ ਸਰੂਪ ਵਿਚ ਉਪੜਨਾ ਹੈ। ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਸਦਾ ਵਾਹਿਗੁਰੂ ਜੀ ਦਾ ਨਾਮ ਵੱਸਦਾ ਹੈ, ਉਨ੍ਹਾਂ ਨੂੰ ਰੱਖਣ ਵਾਲਾ ਵਾਹਿਗੁਰੂ ਜੀ ਦਾ ਨਾਮ ਹੀ ਹੁੰਦਾ ਹੈ। ਉਨ੍ਹਾਂ ਦਾ ਯਕੀਨ ਬਣ ਜਾਂਦਾ ਹੈ ਕਿ ਵਾਹਿਗੁਰੂ ਜੀ ਦਾ ਨਾਮ ਹੀ ਸਾਡਾ ਮਾਂ ਪਿਉ ਹੈ ਤੇ ਨਾਮ ਹੀ ਸਾਡਾ ਰਾਖਾ ਤੇ ਮਿੱਤਰ ਹੈ। ਵਾਹਿਗੁਰੂ ਜੀ ਦੇ ਨਾਮ ਨਾਲ ਹੀ ਸਾਡੀਆਂ ਗੱਲਾਂ, ਤੇ ਨਾਮ ਨਾਲ ਹੀ ਸਲਾਹ ਹੈ, ਨਾਮ ਹੀ ਸਦਾ ਸਾਡੀ ਸਾਰ ਲੈਂਦਾ ਹੈ, ਵਾਹਿਗੁਰੂ ਜੀ ਦਾ ਨਾਮ ਹੀ ਸਾਡੀ ਪਿਆਰੀ ਸੰਗਤਿ ਹੈ, ਤੇ ਨਾਮ ਹੀ ਸਾਡੀ ਕੁਲ ਤੇ ਪਰਵਾਰ ਹੈ।

ਗੁਰੂ ਜੀ ਆਖਦੇ ਹਨ ਕਿ ਦਾਸ ਨਾਨਕ ਨੂੰ ਭੀ ਗੁਰੂ ਜੀ ਨੇ ਉਸ ਵਾਹਿਗੁਰੂ ਜੀ ਦਾ ਨਾਮ ਦਿੱਤਾ ਹੈ ਜੋ ਇਸ ਲੋਕ ਵਿਚ ਤੇ ਪਰਲੋਕ

ਵਿਚ ਪਾਰ-ਉਤਾਰਾ ਕਰਦਾ ਹੈ :

ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ
ਹਰਿ ਨਾਮੋ ਤਿਨ ਕੰਉ ਰਖਣਹਾਰਾ ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ
ਹਰਿ ਨਾਮੁ ਸਖਾਈ ਮਿਤ੍ਰ ਹਮਾਰਾ ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ
ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ
ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ
ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥

(ਵਡਹੰਸ ਵਾਰ ਮ: ੪/੫੯੨)

ਪਉੜੀ ਦੀ ਅੰਤਲੀ ਤੁਕ ਵਿਚ ਪਤਾ ਦਿੱਤਾ ਹੈ ਕਿ ਦਾਸ ਨਾਨਕ ਨੂੰ ਤਾਂ ਹਰੀ ਰੂਪ ਗੁਰੂ ਜੀ ਨੇ ਹਰੀ ਨਾਮ ਹੀ ਦਿੱਤਾ ਹੈ, ਲੋਕ ਪਰਲੋਕ ਵਿਚ ਸਦਾ ਜੋ ਹਰੀ ਨਾਮ ਨਿਸਤਾਰਾ ਕਰੇਗਾ। ਅਗਲੀ ੧੯ਵੀਂ ਪਉੜੀ ਵਿਚ 'ਹਰਿ ਨਾਮ' ਨੂੰ 'ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ' ਤੱਕ ਭੀ ਕਹਿ ਦਿੱਤਾ ਹੈ, ਇਸ ਦਾ ਭਾਵ ਖੁੱਲ੍ਹਦਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਤੁਕਾਂ ਦੀ ਵੀਚਾਰ ਨਾਲ :

ਵਡਾ ਸਾਹਿਬੁ ਊਚਾ ਥਾਉ ॥
ਊਚੇ ਊਪਰਿ ਊਚਾ ਨਾਉ ॥੨੪॥ (ਜਪੁਜੀ)
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ (ਆਸਾ ਮ. ੧/੯)

ਪ੍ਰਸ਼ਨ ਹੁੰਦਾ ਹੈ ਕਿ ਉਹ ਦਾਤ ਕਿਹੜੀ ਸ਼ੈ ਹੈ ਜੋ ਦਾਤੇ ਦੇ ਤੁੱਲ ਹੈ ? ਤਾਂ ਪਹਿਲੀਆਂ ਤੁਕਾਂ ਤੋਂ ਸਮਝ ਪੈ ਜਾਂਦੀ ਹੈ ਕਿ ਉਹ ਉਸ ਦਾ 'ਨਾਮ' ਹੈ ਜੋ ਉਸ ਵਿਚ ਪਹੁੰਚਾ ਦੇਂਦਾ ਹੈ। ਜੋ ਸ਼ੈ ਮਾਲਕ ਵਿਚ ਪਹੁੰਚਾਕੇ ਮਾਲਕ ਰੂਪ ਵਿਚ ਲੀਨ ਕਰ ਦੇਵੇ ਤਾਂ ਉਹ ਮਾਲਕ ਜੇਡੀ ਹੀ ਹੈ। ਇਸ ਕਰਕੇ ਦਾਨੇ ਨਾਮ ਨਾਮੀ ਦੀ ਅਭੇਦਤਾ ਮੰਨਦੇ ਹਨ।

ਸੋ! 'ਨਾਮ' ਨਾਮੀ ਭੀ ਹੈ, ਨਾਮੀ ਨਾਲ ਅਭੇਦ ਹੋਣ ਤੇ ਕਰ ਦੇਣ ਕਰਕੇ ਪ੍ਰਭੂ ਭੀ ਹੈ।

ਬਾਕੀ ਜੋ ਨਾਮ ਨੂੰ ਮਾਤਾ, ਪਿਤਾ, ਮਿੱਤਰ ਆਦਿ ਕਿਹਾ ਹੈ, ਇਸ ਦਾ ਭਾਵ ਹੈ ਕਿ ਹਰਿਨਾਮ ਨਾਮੀ ਨਾਲ ਜੋੜੀ ਰੱਖਦਾ ਹੈ, ਸੂਰਤ ਵਿਚ ਜੋ ਸਾਂਈ ਦਾ ਇਉਂ ਪ੍ਰਤਿਬਿੰਬ ਪੈਂਦਾ ਹੈ, ਉਹ ਹਰੀ ਨਾਮ ਨੂੰ ਹੀ ਮਿਤ੍ਰ ਸਾਕ ਸਨਬੰਧੀ ਪਰ ਪ੍ਰਕਾਰ ਦੀ ਟੇਕ ਸੁਝਾਉਂਦਾ ਹੈ। ਨਾਮ ਵਾਲੇ ਪੁਰਖਾਂ ਦੇ ਅੰਦਰ ਇਕ ਪੱਕੀ ਟੇਕ ਬਣ ਜਾਂਦੀ ਹੈ, ਜੋ ਸਾਈਂ ਨਾਲ ਅਭੇਦ ਹੁੰਦੀ ਹੈ। ਹਰ ਲੋੜ ਹਰ ਮੁਸ਼ਕਲ ਵੇਲੇ ਉਹ ਨਾਮ ਵਿਚ ਜਾਕੇ ਹਰ ਗੱਲ ਦਾ ਹੱਲ ਟੋਲਦਾ ਹੈ ਤੇ ਉਸ ਨੂੰ ਉੱਤੋਂ ਲੱਭਦਾ ਹੈ, ਕਿਉਂਕਿ ਨਾਮ ਦੀ ਤਾਰ ਅੰਦਰੋਂ ਨਾਮੀ ਨਾਲ ਟੈਲੀਫੋਨ ਵਾਂਗੂੰ ਜੁੜੀ ਹੁੰਦੀ ਹੈ। ਇਸੇ ਵਾਸਤੇ ਤੀਸਰੇ ਸਤਿਗੁਰੂ ਜੀ ਨੇ ਫੁਰਮਾਇਆ ਸੀ:

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲ ਰਹੁ ਤੂੰ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥

(ਰਾਮਕਲੀ ਮ. ੩/੯੧੭)

ਇਨ੍ਹਾਂ ਤੁਕਾਂ ਵਿਚ 'ਸੋ ਕਿਉ ਮਨਹੁ ਵਿਸਾਰੇ', ਫੁਰਮਾਕੇ ਜਣਾਇਆ ਕਿ ਸਦਾ ਹਰੀ ਦੇ ਨਾਲ ਰਹਿਣਾ ਨਾਮ ਸਿਮਰਨ ਹੈ। (ਸੰਥਯਾ ੩੫੯੩)

ਗੁਰੂ ਜੀ ਨੇ ਤਦੇ ਹੀ 'ਹਰਿ ਨਾਮੁ' ਨੂੰ 'ਪ੍ਰਭੁ ਅਬਿਗਤੁ ਅਗੋਚਰੁ' ਕਰਕੇ ਆਖਿਆ ਹੈ ਅਤੇ ਦੱਸਿਆ ਹੈ ਕਿ ਅਸੀਂ ਇਸ ਦੀ ਹੀ ਸੇਵਾ ਤੇ ਪੂਜਾ ਕਰਦੇ ਹਾਂ ਅਤੇ ਇਸ ਵਿਚ ਹੀ ਸਮਾਉਂਦੇ ਹਾਂ। ਆਖਦੇ ਹਨ ਜੋ ਵਾਹਿਗੁਰੂ ਜੀ ਅਦ੍ਰਿਸ਼ਟ ਹੈ, ਜੋ ਮਨ ਬੁਧੀ ਦੀ ਪਹੁੰਚ ਤੋਂ ਪਰੇ ਹੈ, ਨਾਸ਼ ਤੋਂ ਰਹਿਤ, ਹਰ ਥਾਂ ਵਿਆਪਕ ਹੈ ਤੇ ਸਿਰਜਣਹਾਰ ਹੈ, ਉਸ ਦਾ ਨਾਮ ਸਾਡਾ ਰਾਖਾ ਹੈ। ਅਸੀਂ ਉਸ ਹਰੀ-ਨਾਮ ਨੂੰ ਸੇਂਵਦੇ ਹਾਂ, ਨਾਮ ਨੂੰ ਪੂਜਦੇ ਹਾਂ, ਨਾਮ ਵਿਚ ਹੀ ਸਾਡਾ ਮਨ ਰੱਤਾ ਹੋਇਆ ਹੈ।

ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਜੇਡਾ ਸਾਨੂੰ ਕੋਈ ਹੋਰ ਸੁੱਝਦਾ ਨਹੀਂ, ਨਾਮ ਹੀ ਅਖੀਰ ਵੇਲੇ ਛੁਡਾਉਂਦਾ ਹੈ। ਧੰਨ ਹੈ ਉਸ ਪਰਉਪਕਾਰੀ ਸਤਿਗੁਰੂ ਦਾ ਮਾਂ ਪਿਉ, ਜਿਸ ਗੁਰੂ ਨੇ ਸਾਨੂੰ ਨਾਮ ਬਖ਼ਸ਼ਿਆ ਹੈ। ਮੈਂ ਆਪਣੇ ਸਤਿਗੁਰੂ ਨੂੰ ਸਦਾ ਨਮਸਕਾਰ ਕਰਦਾ ਹਾਂ, ਜਿਸ ਦੇ ਮਿਲਣ ਤੇ ਮੈਨੂੰ ਹਰੀ ਦੇ ਨਾਮ ਦੀ ਸਮਝ ਪਈ ਹੈ:

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ
ਅਗੋਚਰੁ ਅਬਨਾਸੀ ਪੁਰਖੁ ਬਿਧਾਤਾ ॥
ਹਰ ਨਾਮੁ ਹਮ ਸ੍ਰੇਵਹ ਹਰਿ ਨਾਮੁ
ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥
ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ
ਹਰਿ ਨਾਮੋ ਅੰਤਿ ਛਡਾਤਾ ॥
ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧੰਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਅਪਣੇ ਕੰਉ ਸਦਾ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥

(ਵਡਹੰਸ ਕੀ ਵਾਰ ਮ: ੪/੫੯੨)

ਪਉੜੀ ਵਿਚ ਵਾਹਿਗੁਰੂ ਜੀ ਦੇ ਨਾਮ ਦੀ ਮਹਿਮਾ ਹੈ ਇਥੋਂ ਤਾਈਂ ਕਿ ਉਸ ਨੂੰ 'ਪ੍ਰਭੂ ਅਬਿਗਤੁ ਅਗੋਚਰੁ' ਕਿਹਾ ਹੈ, ਇਸ ਦੀ ਵਿਆਖਿਆ ਪਿਛਲੀ ਪਉੜੀ ਵਿਚ ਆ ਚੁੱਕੀ ਹੈ। ਵਾਹਿਗੁਰੂ ਜੀ ਦੇ ਨਾਮ ਦੀ ਮਹਿਮਾ ਜੋ ਗੁਰੂ ਜੀ ਕਰ ਰਹੇ ਹਨ, ਸੁਣੀ ਸੁਣਾਈ ਜਾਂ ਪੜ੍ਹੀ ਹੋਈ ਨਹੀਂ ਕਹਿ ਰਹੇ, ਆਪਣਾ ਨਿਜ ਤਜਰਬਾ ਦੱਸ ਰਹੇ ਹਨ। ਨਾਲ ਦੱਸ ਰਹੇ ਹਨ ਕਿ 'ਹਰਿ ਨਾਮ ਸਾਨੂੰ' ਗੁਰੂ ਜੀ ਨੇ ਦਿੱਤਾ ਹੈ, ਜਿਸ ਦਾ ਸ਼ੁਕਰੀਆ ਕਰ ਰਹੇ ਹਨ। ਵਾਹਿਗੁਰੂ ਮੁਕਤੀ ਦਾਤਾ ਅੰਤ ਛੁਟਕਾਰਾ ਦੇਣ ਵਾਲਾ ਹੈ, ਪਰ ਉਹ ਹਰੀ ਨਾਮ ਵਿਚ ਰਤੇ ਹੋਏ ਨੂੰ ਇਹ ਕੁਛ ਦੇਂਦਾ ਹੈ, ਤਾਂ ਤੇ ਹਰੀ ਨਾਮ ਨੂੰ ਕਹਿਣਾ ਕਿ ਇਹ ਮੁਕਤੀ ਦਾਤਾ ਹੈ ਤੇ ਇਸ ਨੂੰ ਅਸੀਂ ਪੂਜਦੇ ਸੇਵਦੇ ਹਾਂ, ਹਰਿ ਨਾਮ ਜੇਡਾ

ਹੋਰ ਕੋਈ ਨਹੀਂ, ਕੋਈ ਅਸੰਗਤੀ ਨਹੀਂ ਹੈ; ਯਥਾਰਥ ਸਿਧਾਂਤ ਹੈ। ਜੋ ਆਪਣੇ ਤਜਰਬੇ ਵਿਚ ਆਇਆ, ਨਾਮੀ ਵਿਚ ਸਦਾ ਪ੍ਰਾਪਤ ਸਤਿਗੁਰੂ ਜੀ ਫੁਰਮਾ ਰਹੇ ਹਨ।

ਗੁਰੂ ਜੀ ਫੁਰਮਾਉਂਦੇ ਹਨ ਕਿ 'ਹਰੀ ਦਾ ਨਾਮ' ਸਾਡਾ ੩੬ ਤਰ੍ਹਾਂ ਦਾ ਭਾਵ, ਕਈ ਸੁਆਦਾਂ ਵਾਲਾ ਭੋਜਨ ਹੈ, ਜਿਸ ਨੂੰ ਖਾ ਕੇ ਅਸੀਂ ਰੱਜ ਗਏ ਹਾਂ ਭਾਵ, ਮਾਇਕ ਪਦਾਰਥਾਂ ਵੱਲੋਂ ਤ੍ਰਿਪਤ ਹੋ ਗਏ ਹਾਂ। ਹਰੀ ਦਾ ਨਾਮ ਹੀ ਸਾਡੀ ਪੁਸ਼ਾਕ ਹੈ ਜਿਸ ਨੂੰ ਪਹਿਨ ਕੇ ਕਦੇ ਬੇ-ਪੜਦਾ ਨਾ ਹੋਵਾਂਗੇ, ਤੇ ਹੋਰ ਸੁੰਦਰ ਪੁਸ਼ਾਕਾਂ ਪਾਉਣ ਦੀ ਸਾਡੀ ਚਾਹ ਦੂਰ ਹੋ ਗਈ ਹੈ। ਹਰੀ ਦਾ ਨਾਮ ਸਾਡਾ ਵਣਜ, ਨਾਮ ਹੀ ਸਾਡਾ ਵਪਾਰ ਹੈ ਤੇ ਸਤਿਗੁਰੂ ਜੀ ਨੇ ਸਾਨੂੰ ਨਾਮ ਦੀ ਹੀ ਮੁਖਤਿਆਰੀ ਦਿੱਤੀ ਹੈ, ਹਰੀ ਦੇ ਨਾਮ ਦਾ ਅਸਾਂ ਲੇਖਾ ਲਿਖਿਆ ਹੈ, ਜਿਸ ਲੇਖੇ ਕਰਕੇ ਜਮ ਦੀ ਪਹਿਲੀ ਖੁਸ਼ਾਮਦ ਦੂਰ ਹੋ ਗਈ ਹੈ। ਗੁਰੂ ਜੀ ਆਖਦੇ ਹਨ ਪਰ ਕਿਸੇ ਵਿਰਲੇ ਗੁਰਮੁਖ ਨੇ ਨਾਮ ਸਿਮਰਿਆ ਹੈ। ਉਹੀ ਸਿਮਰਦੇ ਹਨ ਜਿਨ੍ਹਾਂ ਨੂੰ ਧੁਰੋਂ ਬਖਸ਼ਿਸ਼ ਦੀ ਰਾਹੀਂ ਪਿਛਲੇ ਕੀਤੇ ਕੰਮਾਂ ਦੇ ਸੰਸਕਾਰਾਂ ਅਨੁਸਾਰ ਉੱਕਰੇ ਹੋਏ ਲੇਖ ਦੀ ਪਰਾਪਤੀ ਹੋਈ ਹੈ :

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥
ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ ॥
ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ
ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥
ਹਰਿ ਨਾਮੈ ਕਾ ਹਮ ਲੇਖਾ ਲਿਖਿਆ
ਸਭ ਜਮ ਕੀ ਅਗਲੀ ਕਾਣਿ ਗਈ ॥
ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ
ਜਿਨ ਕਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ ॥

(ਵਡਹੰਸ ਵਾਰ ਮ. ੪/੫੯੩)

ਇਸ ਪਉੜੀ ਵਿਚ ਭੀ ਹਰੀ ਨਾਮ ਦੇ ਹੀ ਪਿਛਲੀ ਪਉੜੀ ਵਾਂਗੂੰ ਗੁਣ ਦਰਸਾਏ ਹਨ । ਭੋਜਨ ਕਹਿਣ ਤੋਂ ਭਾਵ ਹੈ ਕਿ ਜਿਸ ਤਰ੍ਹਾਂ ਛੱਤੀ ਤਰ੍ਹਾਂ ਦੇ ਭੋਜਨ ਖਾਧਿਆਂ ਰਸ ਆਉਂਦਾ ਹੈ, ਉਸ ਤੋਂ ਵਧੀਕ ਜਾਂ ਵੱਡਾ ਰਸ ਆਇਆ ਹੈ ਕਿਉਂਕਿ ਛੱਤੀ ਪ੍ਰਕਾਰ ਦੇ ਭੋਜਨ ਨਾਲ ਤ੍ਰਿਪਤੀ ਨਹੀਂ ਹੁੰਦੀ, ਨਾਮ ਰਸ ਨਾਲ ਤ੍ਰਿਪਤੀ ਹੁੰਦੀ ਹੈ। ਫੇਰ ਹਰੀ ਨਾਮ ਨੂੰ ਪਹਿਨਣ ਦੱਸਿਆ। ਭਾਵ ਹੈ ਕਿ ਸਰੀਰ ਤੇ ਕਪੜੇ ਪਹਿਣ ਕੇ ਜੋ ਸਰੀਰ ਢਕੀਦਾ ਹੈ ਗਰਮੀ ਸਰਦੀ ਦਾ ਬਚਾਉ ਹੁੰਦਾ ਹੈ, ਉਸ ਨਾਲੋਂ ਵਧੀਕ ਸੁਖ ਹਰੀ ਨਾਮ ਨਾਲ ਹੋਇਆ ਹੈ। ਕਪੜੇ ਫਟਦੇ ਹਨ, ਬਦਲੀਦੇ ਹਨ, ਅੱਗੇ ਰੂਹ ਦਾ ਕੱਜਣ ਨਹੀਂ ਬਣਦੇ। ਸੁਹਣੇ ਤੇ ਵਧੀਆ ਪਹਿਨੀਏ, ਫੇਰ ਹੋਰ ਵਧੀਆ ਦਿਸ ਪੈਂਦੇ ਹਨ ਪਰ ਨਾਮ ਜਪਕੇ ਸੁਹਣੇ ਬਾਂਕੇ ਬਣ ਕੇ ਤੁਰਨ ਦੀ ਅਤ੍ਰਿਪਤੀ ਦੂਰ ਹੋ ਜਾਂਦੀ ਹੈ, ਇਹ ਕੱਜਣ ਅੱਗੇ ਰੂਹ ਦਾ ਕੱਜਣ ਬਣਦਾ ਹੈ, ਜਿਥੇ ਸੋਹਣੇ ਪੁਸ਼ਾਕਿਆਂ ਵਾਲਾ ਮਨਮੁਖਤਾ :

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥

(ਵਾਰ ਆਸਾ ਮ: ੧/੪੭੧)

ਹੋਰ ਪਹਿਨਣ ਦੀ ਇੱਛਾ ਗਈ ਦਾ ਇਹ ਭਾਵ ਨਹੀਂ ਕਿ ਹੁਣ ਨੰਗੇ ਰਹਿਣਾ ਪਸੰਦ ਕਰਦੇ ਹਾਂ, ਪਰ ਇਹ ਹੈ ਕਿ ਹੁਣ ਬਾਂਕੇ ਬਣਨ ਦਾ ਸ਼ੌਕ ਨਹੀਂ ਰਿਹਾ । ਕਪੜੇ ਕੇਵਲ ਗਰਮੀ ਸਰਦੀ ਢੱਕਣ ਲਈ ਪਹਿਨਦੇ ਹਾਂ ।

'ਵਣਜ ਵਪਾਰ ਹਰਿਨਾਮ ਦਾ ਕਰਦੇ ਹਾਂ' ਦਾ ਭਾਵ ਹੈ ਕਿ ਆਪ ਨਾਮ ਸਿਮਰਦੇ ਹਾਂ, ਜਗਿਆਸੂਆਂ ਨੂੰ ਨਾਮ ਦਾਨ ਦੇਂਦੇ ਹਾਂ, ਲਗਿਆਂ ਤੇ ਅਟਕਿਆਂ ਨੂੰ ਮਦਦ ਦੇ ਕੇ ਫੇਰ ਸਿਮਰਨ ਵਿਚ ਸਾਵਧਾਨ ਕਰਦੇ ਹਾਂ। ਵਣਜ ਵਪਾਰ ਤਾਂ ਹੀ ਦੋ ਵਾਰ ਕਿਹਾ ਹੈ। ਸਤਿਗੁਰੂ ਜੀ ਨੇ ਆਪ ਜੀ ਨੂੰ ਗੁਰੂ ਥਾਪਿਆ। ਜੋ ਕੰਮ ਸਤਿਗੁਰ ਜੀ ਕਰਦੇ ਮਨ ਸੋ ਆਪ ਦੇ ਸਪੁਰਦ ਹੋਇਆ, ਇਹ ਕਾਰਕੁਨੀ, ਜੋ ਕਾਰ ਆਪ ਕਰਦੇ ਸੀ ਸੋਈ ਗੁਰੂ ਰਾਮ ਦਾਸ ਸਾਹਿਬ ਜੀ ਦੇ ਸਪੁਰਦ ਹੋ ਗਈ ।

'ਲੇਖਾ ਲਿਖਿਆ' ਤੋਂ ਕਿ ਚਿਤ੍ਰ ਗੁਪਤ ਨਾਮੀ ਪੁਰਖ ਦੇ ਕਰਮ

ਨਹੀਂ ਲਿਖਦਾ, ਕਿਉਂਕਿ ਉਹ ਨਾਮ ਵਿਚ ਅੱਠੇ ਪਹਿਰ ਲੱਗਾ ਰਹਿੰਦਾ ਹੈ, ਉਸ ਦੇ ਕਰਮਾਂ ਵਿਚ ਨਾਮੀ ਦਾ ਆਦਰਸ਼ ਕੰਮ ਕਰਦਾ ਹੈ, ਭੁੱਲ ਚੁਕ ਅਚੇਤ ਹੋਈ ਉਹਨਾਂ ਦੀ ਨਾਮ ਧੋਈ ਜਾਂਦਾ ਹੈ। ਸੋ ਸੁਭ ਅਸੁਭ ਕਰਮ, ਕਰਮ ਕਾਂਡੀ ਕਰਮ ਚਿਤ੍ਰ ਗੁਪਤ ਕੁਛ ਨਹੀਂ ਲਿਖਦੇ। ਇਸ ਕਰਕੇ ਜਮਾਂ ਦੀ ਕੋਈ ਕਾਣ ਕਨੌਤ ਮੁਥਾਜਗੀ ਕਿ ਪਰਵਾਹ ਕੀ ਭੈ ਕੁਛ ਨਾ ਰਿਹਾ। ਨਾਮੀ ਪੁਰਖ ਦੀ ਅਚੇਤ ਭੁੱਲ ਬੀ ਉਸ ਦੀ ਸੁਰਤ ਵਿਚ ਮੈਲ ਪਾਉਂਦੀ ਹੈ, ਇਹ ਸੁਤੇ ਦੰਡ ਉਸ ਨੂੰ ਨਿਰਮਲ ਰਖਦਾ ਹੈ। ਉਹ ਫੇਰ ਹੋਰ ਲੱਗਕੇ ਨਾਮ ਜਪਦਾ ਸੁਰਤ ਸੁਖੀ ਤੇ ਨਾਮ ਰਤੀ ਕਰ ਲੈਂਦਾ ਹੈ। ਇਹ ਗੱਲ ਜੀਵਾਂ ਦੀ ਹੈ ਜੋ ਨਾਮ ਸਿਮਰਦੇ ਹਨ। ਇਥੇ ਸਤਿਗੁਰੂ ਜੀ ਆਪਣੇ ਦੁਆਰਾ ਸਾਡੀ ਗੱਲ ਕਹਿੰਦੇ ਹਨ ਆਪ ਤਾਂ ਗੁਰੂ ਜੀ 'ਸਦਾ ਜਲ ਨਿਰਮਲ' ਹੈ। ਸੋ ਪਉੜੀ ਵਿਚ 'ਹਰਿ ਨਾਮ' ਗੁਰੂ ਦੁਆਰਾ ਧਿਆਉਣ ਤੇ ਫੇਰ ਨਾਮ ਦੇ ਗੁਣ ਤੇ ਅਸਰ, ਨਾਮ ਦੇ ਫਲ ਤੇ ਨਵੇਂ ਦਰਸਾਏ ਹਨ।

ਅਸਲ ਵਿਚ ਨਾਮ ਤਾਂ ਕੋਈ ਸੂਖਮ ਵਸਤੂ ਹੈ ਜਿਸ ਲਈ ਸੱਚੇ ਸਤਿਗੁਰੂ ਦੀ ਲੋੜ ਪੈਂਦੀ ਹੈ, ਜੋ ਆਪਣੀ ਦ੍ਰਿਸ਼ਟੀ ਨਾਲ ਹਿਰਦੇ ਵਿਚ ਗੁਪਤ ਨਾਮ ਦਾ ਪ੍ਰਕਾਸ਼ ਕਰ ਦੇਂਦਾ ਹੈ :

> ਰਸਨਾ ਨਾਮੁ ਸਭੁ ਕੋਈ ਕਹੈ ॥
> ਸਤਿਗੁਰੂ ਸੇਵੇ ਤਾਂ ਨਾਮੁ ਲਹੈ ॥
>
> (ਮਲਾਰ ਮ: ੩/੧੨੬੨)

ਨਾਮ ਦੀ ਰੂਪ ਰੇਖਾ ਕੋਈ ਨਹੀਂ। ਇਹ ਮਾਇਆ ਰਹਿਤ ਤਿੰਨਾਂ ਗੁਣਾਂ (ਰਜੋ ਤਮੋ ਅਤੇ ਸਤੋ) ਤੋਂ ਉੱਤੇ ਦੀ ਵਸਤੂ ਹੈ ਅਤੇ ਉਹ ਦੇਹੀ ਅੰਦਰ ਘਟ ਘਟ ਵਿਚ ਸਮਾਇਆ ਹੋਇਆ ਹੈ :

> ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
> ਤਿਸ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ
> ਗੁਰਮੁਖਿ ਅਲਖੁ ਲਖਾਵਣਿਆ ॥
>
> (ਮਾਝ ਮ: ੪/੧੨੯)

ਨਾਨਕ ਇਸੁ ਦੇਹੀ ਵਿਚ ਨਾਮੁ ਨਿਧਾਨੁ ਹੈ,
ਪਾਈਐ ਗੁਰ ਕੈ ਹੇਤਿ ਅਪਾਰਿ ॥ (ਆਸਾ ਮ: ੩/੪੨੭)

ਅੱਖਰੀ ਨਾਮ ਤਾਂ ਇਸ ਨਾਮ ਦਾ ਲਖਾਇਕ ਹੀ ਹੈ। ਗਤੀ ਤਾਂ ਇਸ ਸੂਖਮ ਨਾਮ ਨੂੰ ਪ੍ਰਗਟ ਕੀਤਿਆਂ ਹੀ ਹੋਣੀ ਹੈ । ਇਹ ਨਾਮ ਪਾਰਸ ਕਲਾ ਵਾਲਾ, ਵਾਹਿਗੁਰੂ ਜੀ ਵਿਚ ਅਭੇਦ ਕਰਵਾਉਣਹਾਰ ਹੈ। ਜਿਨ੍ਹਾਂ ਦੇ ਹਿਰਦੇ ਵਿਚ ਇਸ ਨਾਮ ਦਾ ਕਿਣਕਾ ਵੀ ਵਧਿਆ ਉਨ੍ਹਾਂ ਦੀ ਮਹਿਮਾ ਕਹੀ ਨਹੀਂ ਜਾ ਸਕਦੀ :

ਕਿਣਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥
(ਗਉੜੀ ਸੁਖਮਨੀ ਮ. ੫/੨੬੨)

ਨਾਮ ਅਤਿ ਸੂਖਮ ਹੈ, ਤਿੰਨਾਂ ਗੁਣਾਂ ਤੋਂ ਉੱਤੇ ਜੋ ਬੋਲੀ ਦੀ ਪਕੜ ਵਿਚ ਨਹੀਂ । ਇਸ ਲਈ ਗੁਰੂ ਅਕਾਲ ਪੁਰਖ ਜੀ ਦੀ ਰਜ਼ਾ ਵਿਚ ਰਹਿ ਕੇ ਨਾਮ ਵਿਚ ਲੀਨ ਹੋਈਦਾ ਹੈ ਤੇ ਇਸ ਦਾ ਰਸ ਹੀ ਮਾਣੀਦਾ ਹੈ :

ਜਿਨ ਚਾਖਿਆ ਸੇਈ ਸਾਦੁ ਜਾਣਨਿ
ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥
(ਸੋਰਠਿ ਮ: ੧/੬੩੫)

ਸਭ ਤੋਂ ਵੱਡਾ 'ਕਰਮ' ਹੈ 'ਨਾਮ', ਪਿਆਰ ਨਾਲ, ਪਿਆਰ ਭਰੀ ਯਾਦ ਨਾਲ ਹਰ ਵੇਲੇ ਆਪਣੇ ਪਿਤਾ ਪਰਮੇਸ਼ਰ ਨਾਲ ਲਗੇ ਰਹਿਣਾ ! ਜਿਸ ਤਰ੍ਹਾਂ ਬੱਚਾ ਮਾਂ ਦੀ ਗੋਦ ਵਿਚ ਪਿਆ ਹੁੰਦਾ ਹੈ, ਇਸ ਤਰ੍ਹਾਂ ਪਰਮ ਗੋਦ ਵਿਚ ਪਏ ਰਹਿਣਾ, ਜਗਤ ਦੇ ਕੰਮ ਕਰਨੇ, ਪਰ ਗੋਦ ਵਿਚੋਂ ਨਿਕਲ ਕੇ ਨਾ, ਗੋਦੀ ਆਸਰੇ ਰਹਿਕੇ ਕਰਨੇ, ਇਹ ਨਾਮ ਹੈ। ਮਨ ਦਾ ਇਕ ਝੁਕਾਉ ਪਾਰਬ੍ਰਹਮ ਵੱਲ ਪਿਆ ਰਹੇ ਤੇ ਇਕ ਕੰਮਾਂ

ਕਾਜਾਂ ਵੱਲ। (ਬਾਬਾ ਨੌਧ ਸਿੰਘ, ਪੰਨਾ ੧੪੬)।

'ਨਾਮ' ਨਾਲ ਹੁੰਦਾ ਹੈ ਨਾਮੀ ਵੱਲ ਰੁਖ। ਹਾਂ ਨਾਮ ਨਾਲ ਪਿਆਰ ਪੈਂਦਾ ਹੈ ਉਸ ਨਾਲ ਕਿ ਜਿਸਦਾ ਨਾਮ ਜਪਦੇ ਹਾਂ। ਨਾਮ ਪਿਆਰੇ ਦਾ ਨਾਮ ਹੈ, ਨਾਮ ਜਪਣ ਨਾਲ ਪਿਆਰਾ ਯਾਦ ਵਿਚ ਆ ਵਸਦਾ ਹੈ। ਯਾਦ ਵਿਚ ਵਸਾਉਣੇ ਨੂੰ ਸਿਮਰਨ ਕਹੀਦਾ ਹੈ। ਸਿਮਰਨ ਅਰਥਾਤ 'ਯਾਦ' ਪਿਆਰੇ ਦਾ ਪ੍ਰੇਮ ਹੈ। ਪ੍ਰੇਮ ਮੇਲਣਹਾਰ ਹੈ—ਜੀਵ ਨੂੰ ਈਸ਼ਵਰ ਨਾਲ, ਪ੍ਰੇਮੀ ਨੂੰ ਪਿਆਰੇ ਨਾਲ, ਆਨੰਦ ਸਰੂਪ ਵਾਹਿਗੁਰੂ ਜੀ ਨਾਲ।

(ਗੁਰੂ ਨਾਨਕ ਚਮਤਕਾਰ, 'ਭਾਈ ਭਗੀਰਥ' ਵਿਚੋਂ।)

'ਨਾਮ' ਉਹ ਅਮੋਲਕ ਵਸਤੂ ਹੈ ਜਿਸ ਦਾ ਮੁੱਲ ਕੋਈ ਨਹੀਂ ਪਾ ਸਕਦਾ ਕਿਉਂ ਜੋ ਮੁੱਲ ਤਾਂ ਅੰਤਕੀ ਚੀਜ਼ਾਂ ਦਾ ਹੀ ਪੈ ਸਕਦਾ ਹੈ। ਜੋ ਤਿੰਨਾਂ ਗੁਣਾਂ ਤੋਂ ਉੱਤੇ ਹੈ ਅਤੇ ਵਾਹਿਗੁਰੂ ਜੀ ਦਾ ਆਪਣਾ ਨਿੱਜ ਰੂਪ ਹੈ, ਭਲਾ ਉਸ ਦਾ ਅੰਤ ਕਿਵੇਂ ਪਾਇਆ ਜਾ ਸਕਦਾ ਹੈ ?

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥

((ਸ੍ਰੀ ਰਾਗ ਮ: ੫/੮੧)

ਨਾਮ ਦੀ ਦਾਤ

(ਵਾਹਿਗੁਰੂ ਜੀ ਦੀ ਮਿਹਰ ਨਾਲ ਗੁਰੂ ਜੀ ਰਾਹੀਂ ।)

ਜਿਸ ਮਨੁੱਖ ਉੱਤੇ ਵਾਹਿਗੁਰੂ ਜੀ ਮਿਹਰ ਦੀ ਨਿਗਾਹ ਕਰਦਾ ਹੈ ਉਸ ਨੂੰ ਗੁਰੂ ਮਿਲਦਾ ਹੈ । ਕਈ ਜੂਨਾਂ ਵਿਚ ਭਟਕਦੇ ਆ ਰਹੇ ਉਸ ਮਨੁੱਖ ਨੂੰ ਵਾਹਿਗੁਰੂ ਜੀ ਸਿਫਤ ਸਲਾਹ ਕਰਨ ਦੇ ਰਸਤੇ ਉੱਤੇ ਤੋਰਦਾ ਹੈ । ਸਿਫ਼ਤ-ਸਲਾਹ ਸਭ ਤੋਂ ਉੱਚੀ ਰੱਬੀ ਦਾਤ ਹੈ, ਸਿਫਤ-ਸਲਾਹ ਹੀ ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ । ਦੁਨੀਆਂ ਦੇ ਹੋਰ ਪਦਾਰਥ ਇਸ ਟਾਕਰੇ ਤੋਂ ਤੁੱਛ ਹਨ । ਸੋ ਗੁਰੂ ਮਨੁੱਖ ਨੂੰ ਸਭ ਤੋਂ ਉੱਚੀ ਦਾਤ ਬਖਸ਼ਦਾ ਹੈ । ਪਰ ਇਹ ਜ਼ਰੂਰੀ ਹੈ ਕਿ ਮਨੁੱਖ ਆਪਣੀ ਅਕਲ-ਚਤੁਰਾਈ ਛੱਡ ਕੇ ਗੁਰੂ ਦੱਸੇ ਰਸਤੇ ਉੱਤੇ ਤੁਰੇ :

ਨਦਰਿ ਕਰਹਿ ਜੇ ਆਪਣੀ
ਤਾਂ ਨਦਰੀ ਸਤਿਗੁਰ ਪਾਇਆ ॥
ਏਹੁ ਜੀਉ ਬਹੁਤੇ ਜਨਮ ਭਰੰਮਿਆ
ਤਾਂ ਸਤਿਗੁਰ ਸਬਦ ਸੁਣਾਇਆ ॥
ਸਤਿਗੁਰ ਜੇਵਡੁ ਦਾਤਾ ਕੋ
ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥
ਸਤਿਗੁਰਿ ਮਿਲਿਐ ਸਚੁ ਪਾਇਆ
ਜਿਨ੍ਹੀ ਵਿਚਹੁ ਆਪੁ ਗਵਾਇਆ ॥
ਜਿਨਿ ਸਚੋ ਸਚੁ ਬੁਝਾਇਆ ॥ (ਆਸਾ ਮ: ੧/੪੬੫)

ਵਾਹਿਗੁਰੂ ਜੀ ਆਪਣੀ ਰਜ਼ਾ ਅਨੁਸਾਰ ਮਿਹਰ ਕਰ ਕੇ ਜਿਸ ਮਨੁੱਖ ਨੂੰ ਗੁਰੂ ਮਿਲਾਉਂਦਾ ਹੈ, ਉਹ ਮਨੁੱਖ ਉਸ ਦੀ ਯਾਦ ਵਿਚ ਜੁੜਦਾ ਹੈ ਉਹ ਮਨੁੱਖ ਵਾਹਿਗੁਰੂ ਜੀ ਦੀ ਰਜ਼ਾ ਵਿਚ ਤੁਰਦਾ ਹੈ :-

ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥
ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥
ਭਾਣੇ ਜੇਵਡ ਹੋਰਿ ਦਾਤਿ ਨਾਹੀ ਸਚੁ ਆਖਿ ਸੁਣਾਇਆ ॥
(ਮਾਰੂ ਵਾਰ ਮ: ੩/੧੦੯੩)

ਵਾਹਿਗੁਰੂ ਜੀ, ਮਾਲਕ ਤਾਂ ਸਭ ਜੀਵਾਂ ਦਾ ਹੈ; ਪਰ ਉਸ ਦੇ ਸਿਮਰਨ ਵਿਚ ਉਹੀ ਮਨੁੱਖ ਲੱਗਦਾ ਹੈ ਜਿਸ ਨੂੰ ਆਪਣੀ ਮਿਹਰ ਨਾਲ ਉਹ ਗੁਰੂ ਦਾ ਮਿਲਾਪ ਬਖ਼ਸ਼ਦਾ ਹੈ। ਸਾਰੇ ਜੀਵ ਇਸ ਜਗਤ ਅਖਾੜੇ ਵਿਚ ਉਸ ਪਰਮਾਤਮਾ ਦੇ ਨਚਾਏ ਨੱਚ ਰਹੇ ਹਨ।

ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥
ਜੋ ਹੁਕਮੁ ਨਾ ਬੂਝੈ ਖਸਮ ਕਾ ਸੋਈ ਨਰੁ ਕਚਾ ॥
ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥
ਸਭਨਾ ਕਾ ਸਾਹਿਬ ਏਕੁ ਹੈ ਗੁਰ ਸਬਦੀ ਰਚਾ ॥
ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ॥
ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ॥

(ਮਾਰੂ ਵਾਰ ਮ: ੩/੧੦੯੪)

ਵਾਹਿਗੁਰੂ ਜੀ ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ; ਜੇ ਆਪਣੇ ਉੱਦਮ ਨਾਲ ਮਿਲਦਾ ਹੋਵੇ ਤਾਂ ਜੀਵ ਉਸ ਤੋਂ ਵਿੱਛੜ ਕੇ ਦੁਖੀ ਕਿਉਂ ਹੋਣ ? ਵਾਹਿਗੁਰੂ ਜੀ ਦੇ ਮਿਲਾਪ ਦਾ ਆਨੰਦ ਉਹੀ ਬੰਦੇ ਮਾਣਦੇ ਹਨ ਜਿਨ੍ਹਾਂ ਨੂੰ ਉਸ ਦੀ ਮਿਹਰ ਨਾਲ ਗੁਰੂ ਦਾ ਸਾਥ ਮਿਲ ਜਾਵੇ। ਜਿਨ੍ਹਾਂ ਨੂੰ ਵਾਹਿਗੁਰੂ ਆਪਣੀ ਸਿਫ਼ਤਿ-ਸਲਾਹ ਦੀ ਦਾਤਿ ਦੇ ਕੇ ਆਪਣਾ ਬਣਾ ਲੈਂਦਾ ਹੈ। ਉਹਨਾਂ ਨੂੰ ਜਗਤ ਵਿਚ ਸ਼ਾਬਾਸ਼ ਮਿਲਦੀ ਹੈ, ਆਤਮਿਕ ਮੌਤ ਉਹਨਾਂ ਦੇ ਨੇੜੇ ਨਹੀਂ ਢੁਕਦੀ। ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ-ਭੱਜ ਕਰਦੇ ਹਨ, ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਤੌਖਲਾ ਰਹਿੰਦਾ ਹੈ, ਵਾਹਿਗੁਰੂ ਜੀ ਦਾ ਨਾਮ ਹੀਰੇ ਮੋਤੀ ਆਦਿਕ ਐਸਾ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ :

ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ, ਨਾਨਕ ਰੰਗ ਮਾਣੰਨਿ ॥

(ਮਾਝ ਬਾਰਹਮਾਹਾ ਮ: ੫/੧੩੪)

ਵਾਹਿਗੁਰੂ ਜੀ ਨੇ ਇਹ ਜਗਤ ਆਪ ਹੀ ਪੈਦਾ ਕੀਤਾ ਹੈ; ਤ੍ਰੈ-ਗੁਣੀ ਮਾਇਆ ਭੀ ਉਸ ਨੇ ਆਪ ਹੀ ਬਣਾਈ ਹੈ, ਸਾਰੇ ਜੀਵ ਭੀ ਵਾਹਿਗੁਰੂ ਜੀ ਨੇ ਪੈਦਾ ਕੀਤੇ ਹੋਏ ਹਨ। ਉਸ ਦੀ ਰਜ਼ਾ ਅਨੁਸਾਰ ਹੀ ਜੀਵ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ। ਇਹ ਨਿਯਮ ਭੀ ਉਸੇ ਨੇ ਬਣਾਇਆ ਹੋਇਆ ਕਿ ਜੀਵ ਗੁਰੂ ਦੇ ਦੱਸੇ ਰਸਤੇ ਉੱਤੇ ਤੁਰ ਕੇ ਮਾਇਆ ਦੇ ਮੋਹ ਤੋਂ ਬਚਣ :

ਤੂ ਸਚਾ ਸਾਹਿਬੁ ਸਚੁ ਸਭੁ ਧਾਰਿਆ ॥
ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥

(ਮਾਰੂ ਵਾਰ ਮ: ੫/੧੦੯੪)

ਸਿਰਜਣਹਾਰ ਨੂੰ ਭੁਲਾ ਕੇ ਜੀਵ ਮਾਇਆ ਦੇ ਮੋਹ ਵਿਚ ਫਸ ਜਾਂਦੇ ਹਨ, ਤੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦੇ ਹਨ। ਜਿਸ ਮਨੁੱਖ ਉੱਤੇ ਵਾਹਿਗੁਰੂ ਜੀ ਮਿਹਰ ਕਰਦਾ ਹੈ, ਉਹੀ ਗੁਰੂ ਦੀ ਸ਼ਰਨ ਪੈਂਦਾ ਹੈ। ਗੁਰੂ ਦੇ ਦੱਸੇ ਹੋਏ ਰਸਤੇ ਉੱਤੇ ਤੁਰ ਕੇ ਉਹ ਮਨੁੱਖ ਪਰਮਾਤਮਾ ਦੀ ਯਾਦ ਵਿਚ ਜੁੜਦਾ ਹੈ। ਸਿਰਫ਼ ਇਹੀ ਰਸਤਾ ਹੈ ਮਾਇਆ ਦੇ ਮੋਹ ਵਿਚੋਂ ਨਿਕਲਣ ਦਾ :

ਜਿਸੁ ਹੋਵਹਿ ਆਪਿ ਦਇਆਲੁ ਤਿਸੁ ਲਾਵਹਿ ਸਤਿਗੁਰ ਚਰਣ॥
ਤੂ ਹੋਰਤੁ ਉਪਾਇ ਨ ਲਭ ਹੀ ਅਬਿਨਾਸੀ ਸ੍ਰਿਸਟਿ ਕਰਣ ॥

(ਮਾਰੂ ਵਾਰ ਮ: ੫/੧੦੯੫)

ਮਾਇਆ ਨਾਲ ਤਾਂ ਮਨੁੱਖ ਨੂੰ ਹਰ ਵੇਲੇ ਵਾਹ ਪੈਂਦਾ ਹੈ, ਇਸ ਵਾਸਤੇ ਉਸ ਦੇ ਮੋਹ ਵਿਚ ਸੁਭਾਵਿਕ ਹੀ ਰਸ ਜਾਂਦਾ ਹੈ। ਪਰ ਵਾਹਿਗੁਰੂ ਜੀ ਇਹਨਾਂ ਅੱਖਾਂ ਨਾਲ ਦਿੱਸਦਾ ਨਹੀਂ, ਉਸ ਨਾਲ ਪਿਆਰ ਕਰਨਾ ਬੜੀ ਅਉਖੀ ਗੱਲ ਹੈ। ਸੋ, ਜਿਸ ਜੀਵ ਉੱਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਉਸ ਨੂੰ ਗੁਰੂ ਮਿਲਦਾ ਹੈ। ਗੁਰੂ ਦੀ ਸ਼ਰਨ ਪੈ ਕੇ ਮਨੁੱਖ ਕਰਤਾਰ ਦੇ ਗੁਣ ਗਾਉਂਦਾ ਹੈ :

ਜਿਸੁ ਹੋਵਹਿ ਆਪਿ ਦਇਆਲੁ
ਤਿਸੁ ਸਤਿਗੁਰ ਸੇਵਾ ਲਾਵਹੀ ॥

ਤਿਸ ਕਦੇ ਨ ਆਵੈ ਤੋਟਿ ਜੋ ਹਰਿ ਗੁਣ ਗਾਵਹੀ ॥

(ਮਾਰੂ ਵਾਰ ਮ: ੫,੧੦੯੫)

ਮਾਇਆ ਰਚਣ ਵਾਲਾ ਭੀ ਤੇ ਜੀਵ ਪੈਦਾ ਕਰਨ ਵਾਲਾ ਭੀ ਵਾਹਿਗੁਰੂ ਜੀ ਆਪ ਹੀ ਹੈ। ਉਸ ਦੀ ਆਪਣੀ ਹੀ ਰਚੀ ਇਹ ਖੇਡ ਹੈ ਕਿ ਜੀਵ ਮਾਇਆ ਦੇ ਮੋਹ ਵਿਚ ਫਸ ਕੇ ਜਨਮ ਮਰਨ ਦਾ ਗੇੜ ਵਿਚ ਪਏ ਰਹਿੰਦੇ ਹਨ। ਜੀਵਾਂ ਦੇ ਵੱਸ ਦੀ ਗੱਲ ਨਹੀਂ :

ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰ ਮੰਤਾ ॥
ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ ॥

(ਮਾਰੂ ਵਾਰ ਮ: ੫/੧੦੯੫)

ਵਾਹਿਗੁਰੂ ਜੀ ਦੀ ਮਿਹਰ ਤੋਂ ਬਿਨਾ ਜੀਵ ਨੂੰ ਗੁਰੂ ਜੀ ਦਾ ਮਿਲਾਪ ਹਾਸਲ ਨਹੀਂ ਹੁੰਦਾ। ਤੇ ਗੁਰੂ ਦੀ ਸੰਗਤਿ ਤੋਂ ਬਿਨਾ ਜੀਵ ਦੇ ਅੰਦਰੋਂ ਅਹੰਕਾਰ ਦੂਰ ਨਹੀਂ ਹੁੰਦਾ, ਹਉਮੈ ਨਹੀਂ ਮਿਟਦੀ। ਹਉਮੈ ਅਤੇ ਪ੍ਰਭੂ-ਮਿਲਾਪ ਇਹ ਦੋਵੇਂ ਇਕੋ ਹਿਰਦੇ ਵਿਚ ਨਹੀਂ ਟਿਕ ਸਕਦੇ। ਸੋ, ਗੁਰੂ ਜੀ ਸ਼ਰਨ ਪੈ ਕੇ ਸਾਧ ਸੰਗਤਿ ਦੀ ਬਰਕਤਿ ਨਾਲ ਵਾਹਿਗੁਰੂ ਜੀ ਦਾ ਸਿਮਰਨ ਹੋ ਸਕਦਾ ਹੈ ਤੇ ਆਤਮਿਕ ਆਨੰਦ ਮਿਲਦਾ ਹੈ :

ਵਿਣੁ ਕਰਮਾ ਹਰਿ ਜੀਉ ਨ ਪਾਈਐ
ਬਿਨੁ ਸਤਿਗੁਰ ਮਨੂਆ ਨ ਲਗੈ ॥...
ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ ॥......
ਜਿਨਿ ਜਨਿ ਗੁਰਮੁਖਿ ਸੇਵਿਆਂ ਤਿਸੁ ਘਰਿ ਦੀਬਾਣੁ ਅਭਾਗੈ ॥
ਹਰਿ ਕਿਰਪਾ ਤੇ ਸੁਖ ਪਾਇਆ ਗੁਰ ਸਤਿਗੁਰ ਚਰਣੀ ਲਗੈ ॥

(ਮਾਰੂ ਵਾਰ ਮ: ੫/੧੦੯੮)

ਜਿਸ ਮਨੁੱਖ ਉੱਤੇ ਵਾਹਿਗੁਰੂ ਜੀ ਮਿਹਰ ਦੀ ਨਿਗਾਹ ਕਰਦਾ ਹੈ ਉਸ ਨੂੰ ਗੁਰੂ ਦੀ ਸ਼ਰਨ ਵਿਚ ਰੱਖ ਕੇ ਨਾਮ ਦੀ ਦਾਤ ਬਖ਼ਸ਼ਦਾ ਉਸ ਦੀਆਂ ਮੂੰਹ-ਮੰਗੀਆਂ ਮੁਰਾਦਾਂ ਪੂਰੀਆਂ ਕਰਦਾ ਹੈ। ਸਾਰੇ ਸੁਖ ਉਸ ਦੇ ਦਾਸ ਬਣ ਜਾਂਦੇ ਹਨ :

ਅਉਗਣੁ ਕੋਨ ਚਿਤਾਰਦਾ ਗਲ ਸੇਤੀ ਲਾਇਕ ॥
ਮੁਹਿ ਮੰਗਾ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
(ਮਾਰੂ ਵਾਰ ਮ: ੫/੧੨੦੧)

ਵਾਹਿਗੁਰੂ ਜੀ ਨੇ ਜਿਸ ਮਨੁੱਖ ਨੂੰ ਗੁਰੂ ਜੀ ਦੀ ਸ਼ਰਨ ਬਖਸ਼ੀ, ਉਸ ਨੇ ਹਿਰਦੇ ਵਿਚ ਨਾਮ ਸਿਮਰਿਆ। ਉਹ ਵਾਹਿਗੁਰੂ ਜੀ ਦੀ ਮਿਹਰ ਦਾ ਪਾਤਰ ਬਣ ਗਿਆ। ਦੁਨੀਆਂ ਵਾਲੇ ਸਾਰੇ ਡਰ-ਸਹਮ ਉਸ ਦੇ ਅੰਦਰੋਂ ਮੁੱਕ ਗਏ। ਗੁਰੂ-ਜਹਾਜ਼ ਵਿਚ ਬੈਠ ਕੇ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਿਆ :

ਹਿਆਇ ਕਮਾਇ ਧਿਆਇਆ ਪਾਇਆ ਸਾਧ ਸਰਣਾ ॥
ਬੋਹਿਥੁ ਨਾਨਕ ਦੇਉ ਗੁਰੁ, ਜਿਸੁ ਹਰਿ ਚੜਾਏ,
ਤਿਸ ਭਉਜਲ ਤਰਣਾ ॥ (ਮਾਰੂ ਵਾਰ ਮ: ੫/੧੨੦੨)

ਜੀਵ ਦੇ ਆਪਣੇ ਵੱਸ ਦੀ ਗੱਲ ਨਹੀਂ, ਜਿਸ ਉੱਤੇ ਪ੍ਰਭੂ ਆਪ ਮਿਹਰ ਕਰਦਾ ਹੈ ਓਸੇ ਨੂੰ ਆਪਣੀ ਸਿਫਤ-ਸਾਲਾਹ ਵਿਚ ਜੋੜਦਾ ਹੈ :

ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੈ ॥੨੩॥
(ਮਾਰੂ ਵਾਰ ਮ: ੫/੧੨੦੨)

ਪਹਿਲੀ ਉਮਰੇ ਜਿਹੜੀਆਂ ਆਦਤਾਂ ਬਣ ਜਾਣ, ਉਹਨਾਂ ਨੂੰ ਹਟਾਉਣਾ ਬਹੁਤ ਔਖਾ ਕੰਮ ਹੋ ਜਾਂਦਾ ਹੈ। ਜਿਹੜੇ ਜਵਾਨੀ ਵੇਲੇ ਰੱਬ ਵੱਲ ਨਹੀਂ ਪਰਤ ਸਕਦੇ, ਬੁਢੇਪੇ ਵੇਲੇ ਉਨ੍ਹਾਂ ਦਾ ਮਨ ਇਸ ਪਾਸੇ ਬੜੀ ਉਚੇਚੀ ਮਿਹਨਤ ਨਾਲ ਹੀ ਪਰਤ ਸਕਦਾ ਹੈ।

ਉਂਝ ਕੋਈ ਮਾਣ ਨਹੀਂ ਕਰ ਸਕਦਾ। ਨਾਮ ਰੱਬੀ ਦਾਤਿ ਹੈ :

ਫਰੀਦਾ ਕਾਲੀ ਜਿਨੀ ਨ ਰਾਵਿਆ, ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ, ਰੰਗੁ ਨਵੇਲਾ ਹੋਇ ॥
(ਸਲੋਕ ਫਰੀਦ ਜੀ/੧੩੭੮)

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ, ਜੇ ਕੋ ਚਿਤਿ ਕਰੇਇ ॥
ਆਪਣਾ ਲਾਇਆ ਪਿਰਮੁ ਨਾ ਲਗਈ, ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ, ਜੈ ਭਾਵੈ ਤੈ ਦੇਇ ॥
(ਮ: ੩, ਸਲੋਕ ਫਰੀਦ ਜੀ/੧੩੭੮)

ਗੁਰਬਾਣੀ ਵਿਚ ਨਾਮ ਦਾ ਸੰਕਲਪ

ਸਮੁੱਚੀ ਗੁਰਬਾਣੀ ਵਿਚ ਨਾਮ ਦਾ ਸਥਾਨ ਅਤਿ ਉੱਤਮ ਹੈ। 'ਮਹਾਨਕੋਸ਼' ਕ੍ਰਿਤ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਨਾਮ ਦੀ ਵਿਆਖਿਆ ਇਸ ਪਰਕਾਰ ਕੀਤੀ ਗਈ ਹੈ, 'ਕਿਸੇ ਵਸਤੂ ਦਾ ਬੋਧ ਕਰਵਾਉਣ ਵਾਲਾ ਸ਼ਬਦ ਜਿਸ ਕਰਕੇ ਅਰਥ ਜਾਣਿਆ ਜਾਏ। ਗੁਰਬਾਣੀ ਵਿਚ ਨਾਮ ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਭੀ ਹੈ। ਸੰਸਾਰ ਦੀਆਂ ਸਭ ਵਸਤੂਆਂ, ਜੀਵ-ਜੰਤੂ, ਖੰਡ-ਬ੍ਰਹਮੰਡ ਆਦਿ ਸਭ ਨਾਂ ਦੇ ਧਾਰਨੀ ਹਨ। ਗੁਰਬਾਣੀ ਵਿਚ ਇਸ ਬਾਰੇ ਵ੍ਰਰਨਣ ਹੈ :

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥

(ਗਉੜੀ ਸੁਖਮਨੀ ਮ: ੫/੨੮੪)

ਇਥੋਂ ਤੱਕ ਕਿ ਸ੍ਰਿਸ਼ਟੀ ਦਾ ਕਰਤਾ ਵੀ ਇਸ ਤੋਂ ਨਹੀਂ ਬਚ ਸਕਿਆ। ਉਸ ਬ੍ਰਹਮ ਨੂੰ ਕਈ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਹਰ ਇਕ ਦੀ ਯਾਦ-ਵਿਧੀ ਭਿੰਨ ਹੋ ਸਕਦੀ ਹੈ, ਪਰੰਤੂ ਮੰਤਵ ਇੱਕੋ ਹੀ ਹੈ। ਉਹ ਪਾਰਬ੍ਰਹਮ ਪਰਮੇਸ਼ਵਰ, ਸੁਆਮੀ, ਕਰਤਾ, ਅਕਾਲ ਪੁਰਖ ਸੱਚਾ ਹੈ ਅਤੇ ਉਸ ਦਾ ਨਾਂ ਭੀ ਸੱਚਾ ਹੈ। ਉਸ ਤੱਕ ਕੇਵਲ ਉਸ ਦੇ ਨਾਮ ਦੁਆਰਾ ਹੀ ਪੁੱਜਿਆ ਜਾ ਸਕਦਾ ਹੈ ਜੋ ਸਦਾ ਚੜ੍ਹਦੀ ਕਲਾ ਦਾ ਸੂਚਕ ਹੈ : ਗੁਰੂ ਦਾ ਸਿੱਖ ਨਿੱਤ-ਪ੍ਰਤੀ ਦਿਨ ਇਹੋ ਹੀ ਅਰਦਾਸ ਕਰਦਾ ਤੇ ਉਚਾਰਦਾ ਹੈ :

ਨਾਨਕ ਨਾਮ ਚੜ੍ਹਦੀ ਕਲਾ ॥
ਤੇਰੇ ਭਾਣੇ ਸਰਬਤ ਦਾ ਭਲਾ ॥

ਪਾਰਬ੍ਰਹਮ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਆਪ ਅਦਿੱਖ ਹੋ ਕੇ ਇਸ ਦੇ ਸਭ ਕਾਰਜਾਂ ਨੂੰ ਵੇਖ ਰਿਹਾ ਹੈ। ਉਹ ਤ੍ਰੈ ਗੁਣ (ਰੂਪ, ਰੇਖ, ਰੰਗ) ਵਿਚ ਨਹੀਂ ਵਿਰਕਤ ਅਵਸਥਾ ਵਿਚ ਹੈ। ਉਸ ਤੱਕ ਪੁੱਜਣ ਦਾ ਸਾਧਨ ਕੇਵਲ 'ਨਾਮ' ਹੈ। ਜਿਸ ਨੇ ਉਸ ਦੇ ਨਾਮ ਨੂੰ ਵਿਸਾਰ ਦਿੱਤਾ ਹੈ, ਗੁਰਬਾਣੀ ਵਿਚ ਉਸ ਨੂੰ ਇਸ ਪ੍ਰਕਾਰ ਕਿਹਾ ਗਿਆ ਹੈ :

ਖਸਮੁ ਵਿਸਾਰਹਿ ਤੇ ਕਮਜਾਤਿ ॥ (ਆਸਾ ਮ: ੧/੧੦)

ਜਿਸ ਬ੍ਰਹਮ ਨੇ ਸਾਨੂੰ ਸ਼ਾਜਿਆ, ਅਸੀਂ ਉਸ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦੇ ਹਾਂ, ਉਸ ਦਾ ਨਾਮ ਤੱਕ ਲੈਣਾ ਤਾਂ ਕਿਧਰੇ ਰਿਹਾ। ਮਨੁੱਖ ਮੈਂ ਮੇਰੀ ਦੀ ਗਲਤ ਧਾਰਨਾ ਲੈ ਕੇ ਜੀਵਨ ਦੋ ਦਿਨ ਗੁਜ਼ਾਰਦਾ ਹੈ ਅਤੇ ਇਹ ਭੁੱਲ ਬੈਠਦਾ ਹੈ ਕਿ :

ਨਾਮ ਹੀ ਤਾਂ ਸਭ ਕੁਝ ਹੈ। ਸੰਸਾਰ ਦੀਆਂ ਅਨੇਕਾਂ ਔਕੜਾਂ ਨੂੰ ਨਿਵਾਰਨ ਵਾਲਾ ਕੇਵਲ ਨਾਮ ਹੀ ਹੈ। ਗੁਰਬਾਣੀ ਦੇ ਫੁਰਮਾਨ ਅਨੁਸਾਰ :

ਸਰਬ ਰੋਗ ਕਾ ਅਉਖਦ ਨਾਮੁ ॥
(ਗਉੜੀ ਸੁਖਮਨੀ ਮ: ੫/੨੭੪)

ਜਦੋਂ ਉਸ ਕਰਤੇ ਦਾ ਨਾਮ ਸਭ ਰੋਗਾਂ ਦਾ ਦਵਾਈ ਹੈ ਫਿਰ ਮਨੁੱਖ ਇਸ ਨੂੰ ਵਿਸਾਰ ਕੇ ਹੋਰ ਪਾਸੇ ਕਿਉਂ ਨੱਠਾ ਫਿਰਦਾ ਹੈ ? ਜੀਵ ਦੇ ਹੋਰ ਸਾਰੇ ਅਨੇਕਾਂ ਤਰ੍ਹਾਂ ਦੇ ਕੀਤੇ ਕੰਮ ਸਭ ਝੂਠੇ ਹਨ। ਨਾਮ ਵਿਸਾਰ ਕੇ ਜਿਤਨੇ ਭੀ ਰਸਾਂ ਦਾ ਸੁਆਦ ਮਨੁੱਖ ਮਾਣਦਾ ਹੈ। ਜਿਤਨੇ ਵੀ ਭੋਗ ਭੋਗਦਾ ਹੈ ਉਹ ਸਾਰੇ ਹੀ ਉਸ ਲਈ ਮਾਰੂ ਸਾਬਤ ਹੁੰਦੇ ਹਨ। ਤੇ ਦੂਸਰੇ ਪਾਸੇ ਜਿਵੇਂ ਜਿਵੇਂ ਮਨੁੱਖ ਉਸ ਦਾ ਨਾਮ ਜਪਦਾ ਹੈ, ਉਸ ਦੇ ਦੁਖ-ਕਲੇਸ਼ ਦੂਰ ਹੁੰਦੇ ਜਾਂਦੇ ਹਨ ਅਤੇ ਤਨ-ਮਨ ਵੀ ਨਿਰਮਲ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ :

ਨਾਮੁ ਕਹਤ ਗੋਵਿੰਦ ਕਾ, ਸੂਚੀ ਭਈ ਰਸਨਾ ॥

ਮਨ ਤਨ ਨਿਰਮਲ ਹੋਈ ਹੈ, ਗੁਰ ਕਾ ਜਪੁ ਜਪਨਾ ॥

(ਬਿਲਾਵਲ ਮ: ੫)

ਨਾਮ ਅਮੁਲ ਖਜਾਨਾ ਹੈ। ਇਹ ਹਯਾਤੀ ਦਾ ਸੋਮਾ ਹੈ। ਮਨੁੱਖ ਲਈ ਨਾਮ ਹੀ ਕੇਵਲ ਸੁਖ ਦੇਣ ਵਾਲਾ ਤੇ ਕਲਿਆਣਕਾਰੀ ਹੈ ਜਿਸ ਦਾ ਸਿਮਰਨ ਕਰਨਾ ਬਣਦਾ ਹੈ, ਗੁਰਬਾਣੀ ਵਿਚ ਮਨੁੱਖ ਨੂੰ ਸਪੱਸ਼ਟ ਭਾਂਤ ਸੁਚੇਤ ਕੀਤਾ ਹੈ :

ਅੰਮ੍ਰਿਤ ਨਾਮੁ ਨਿਧਾਨੁ ਹੈ, ਮਿਲਿ ਪੀਵਹੁ ਭਾਈ ॥
ਜਿਸ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥

(ਗਉੜੀ ਵਾਰ ਮ: ੫/੩੧੮)

ਧਰਤੀ ਦੇ ਅਨੇਕ ਜੀਵ-ਜੰਤੂ ਸਭ ਉਸ ਦੇ ਨਾਂ ਦੇ ਪੁਜਾਰੀ ਹਨ ਕਿਉਂਕਿ ਉਸ ਦਾ ਨਾਮ ਹੀ ਉਨ੍ਹਾਂ ਦੀ ਮੁਕਤੀ ਦਾ ਇਕੋ ਇਕ ਸਾਧਨ ਹੈ। ਅਸੀਂ ਪ੍ਰਤੀ ਦਿਨ ਜੀਵ ਜੰਤੂਆਂ ਦੀਆਂ ਅਵਾਜ਼ਾਂ ਸੁਣਦੇ ਹਾਂ ਉਹ ਭਾਵੇਂ ਕਿਸੇ ਪ੍ਰਕਾਰ ਦੀ ਬੋਲੀ ਬੋਲਦੇ ਹੋਣ, ਕਿਸੇ ਪ੍ਰਕਾਰ ਦੀਆਂ ਆਵਾਜ਼ਾਂ ਕੱਢਦੇ ਹੋਣ, ਗੁਰਬਾਣੀ ਅਨੁਸਾਰ ਆਪਣੀ ਭਾਸ਼ਾ ਵਿਚ ਉਹ ਪਰਮਾਤਮਾ ਦੇ ਨਾਮ ਦਾ ਹੀ ਗੁਣ-ਕਥਨ ਕਰਦੇ ਹਨ ਬਿਆਨ ਇਸ ਪ੍ਰਕਾਰ ਹੈ :

ਜੋ ਬੋਲਤ ਹੈ ਮ੍ਰਿਗਮੀਨ ਪੰਖੇਰੂ,
ਸੁ ਬਿਨੁ ਹਰਿ ਜਪਤ ਹੈ ਨਹੀ ਹੋਰ ॥

(ਮਲਾਰ ਮ: ੪/੧੨੬੫)

ਗੁਰਬਾਣੀ ਵਿਚ ਉਸ ਦੇ ਸੱਚੇ ਨਾਮ ਬਾਰੇ ਸਪੱਸ਼ਟ ਭਾਂਤ ਉਲੇਖ ਪ੍ਰਾਪਤ ਹੁੰਦਾ ਹੈ। ਉਸ ਬ੍ਰਹਮ ਦੀ ਮਹਿਮਾ ਦਾ ਕਥਨ ਨਹੀਂ ਕੀਤਾ ਜਾ ਸ਼ਕਦਾ। ਇਹ ਸੰਸਾਰ ਉਸ ਸੱਚੇ ਦਾ ਹੀ ਘਰ ਹੈ। ਝੂਠ ਹੈ ਤਾਂ ਕੇਵਲ ਪ੍ਰਾਣੀ ਜਾਂ ਸੰਸਾਰਕ ਪਦਾਰਥ ਅਤੇ ਇਨ੍ਹਾਂ ਨਾਲ ਜੋੜੇ ਗਏ ਸੰਬੰਧ। ਗੁਰਬਾਣੀ ਦੇ ਕਥਨ ਅਨੁਸਾਰ :

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮ
ਝੂਠੁ ਝੂਠੁ ਝੂਠੁ ਝੂਠੁ, ਦੁਨੀ ਗੁਮਾਨੁ ॥ (ਭੈਰਉ ਮ: ੫)

ਉਸ ਕਰਤੇ ਦਾ ਨਾਮ ਰਸਮਈ ਹੈ। ਉਸ ਦੇ ਨਾਮ ਦਾ ਜਾਪ ਅਨੇਕਾਂ ਦੁੱਖਾਂ ਤੋਂ ਨਿਵਾਰਦਾ ਹੈ। ਸੰਸਾਰ ਦੇ ਅਨੇਕਾਂ ਭੋਗ ਨਾਮ ਦੇ ਤੁਲ ਝੂਠੇ ਹਨ ਉਨ੍ਹਾਂ ਦੇ ਸੇਵਨ ਨਾਲ ਕਿਸੇ ਪ੍ਰਕਾਰ ਦਾ ਸਵਾਦ ਪ੍ਰਾਪਤ ਨਹੀਂ ਹੁੰਦਾ ਪਰੰਤੂ ਨਾਮ ਅਲੌਕਿਕ ਆਨੰਦ ਦੇਣ ਵਾਲਾ ਹੈ। ਗੁਰਬਾਣੀ ਅਨੁਸਾਰ ਜਿਨ੍ਹਾਂ ਸੰਸਾਰਕ ਵਸਤਾਂ ਦਾ ਅਸੀਂ ਸੇਵਨ ਕਰਦੇ ਹਾਂ, ਉਹ ਸਭ ਕਉੜੀਆਂ ਹਨ। ਸਾਡੇ ਲਈ ਵਿਸ ਦੇ ਸਮਾਨ ਹਨ। ਬਿਆਨ ਇਸ ਪ੍ਰਕਾਰ ਹੈ :

ਸਭੇ ਵਸਤੂ ਕਉੜੀਆ, ਸਚੇ ਨਾਉ ਮਿੱਠਾ॥
ਸਾਦੁ ਆਇਆ ਤਿਨ ਹਰਿ ਜਨਾ, ਚਖਿ ਸਾਸੀ ਡਿਠਾ॥
(ਵਾਰ ਗਉੜੀ ਮ: ੫)

ਸੰਸਾਰ ਦੇ ਅਨੇਕਾਂ ਪ੍ਰਕਾਰ ਦੇ ਭੋਗ ਕਿਸੇ ਕੰਮ ਨਹੀਂ ਆਉਣੇ। ਜੋ ਉਸ ਕਰਤੇ ਦਾ ਨਾਮ ਨਹੀਂ ਜਪਦੇ ਉਨ੍ਹਾਂ ਦਾ ਜੀਵਨ ਧ੍ਰਿਗ ਹੈ ਬੇਕਾਰ ਹੈ, ਕਿਸੇ ਲੇਖੇ ਨਹੀਂ। ਜੋ ਜੀਵਨ ਲੇਖੇ ਨਹੀਂ ਲਾਇਆ, ਉਸ ਦੇ ਨਾਮ ਦਾ ਜਾਪ ਨਹੀਂ ਕੀਤਾ ਤਾਂ ਉਹ ਜੀਵਨ ਵੀ ਕਿਸੇ ਕੰਮ ਨਹੀਂ। ਅਜਿਹੇ ਜੀਵਨ ਤੋਂ ਛੁਟਕਾਰਾ ਹੀ ਭਲਾ ਹੈ। ਉਸ ਦੇ ਭਗਤਾਂ ਨੂੰ ਤਾਂ ਉਸ ਦਾ ਨਾਮ ਹੀ ਸਭ ਕੁਝ ਹੈ। ਗੁਰਬਾਣੀ ਵਿਚ ਬਿਆਨ ਹੈ :

ਜਲਿ ਜਾਉ ਜੀਵਨੁ ਨਾਮ ਬਿਨਾ॥
ਹਰਿ ਜਪਿ ਜਾਪੁ ਜਪਉ ਜਪਮਾਲੀ।
ਗੁਰਮੁਖਿ ਆਵੈ ਸਾਦੁ ਮਨ॥

ਉਸ ਵਾਹਿਗੁਰੂ ਜੀ ਦਾ ਨਾਮ ਅਮੁਕ ਖਜਾਨਾ ਹੈ। ਭਗਤਾਂ ਲਈ ਤੋਸ਼ਾ ਹੈ। ਜਿਸ ਪਾਸ ਨਾਮ ਧਨ ਹੈ, ਉਹ ਸਭ ਤੋਂ ਅਮੀਰ ਹੈ। ਉਹ ਸਭ ਤੋਂ ਉੱਚਾ ਹੈ। ਨਾਮ ਵਿਹੂਣਾ ਮਨੁੱਖ ਗਰੀਬ ਤੋਂ ਵੀ ਗਰੀਬ ਹੈ। ਜਿਸ ਦੇ ਪੱਲੇ ਨਾਮ ਧਨ ਨਹੀਂ ਉਸ ਦੀ ਕੋਈ ਸ਼ੋਭਾ ਨਹੀਂ। ਉਹ ਜਿਉਂਦਿਆਂ ਹੋਇਆਂ ਵੀ ਮਿਰਤਕ ਸਮਾਨ ਹੈ। ਨਾਮ ਦੀ ਵਡਿਆਈ ਗੁਰਬਾਣੀ ਵਿਚ ਇਸ ਪ੍ਰਕਾਰ ਹੈ :

ਠਾਕੁਰ ਐਸੋ ਨਾਮੁ ਤੁਮਾਰੋ॥

ਸਗਲ ਸ੍ਰਿਸਟਿ ਕੋ ਧਣੀ ਕਹੀਜੈ,
ਜਨ ਕੋ ਅੰਗੁ ਨਿਰਾਰੋ ॥ (ਗੂਜਰੀ ਮ: ੫)

ਨਾਮ ਦੀ ਮਹਿਮਾ ਤਾਂ ਇਤਨੀ ਹੈ ਕਿ ਇਸ ਦੇ ਧਾਰਨ ਕਰਨ ਨਾਲ ਜਿਸ ਮਨੁੱਖ ਨੂੰ ਕੋਈ ਪਹਿਚਾਣਦਾ ਤੱਕ ਨਹੀਂ, ਉਸ ਦੀ ਕੀਰਤੀ ਸਭ ਪਾਸੇ ਫੈਲ ਜਾਂਦੀ ਹੈ। ਨਾਮ ਧਨ ਨੀਵਿਆਂ ਨੂੰ ਉੱਚਾ ਕਰਦਾ ਹੈ ਅਤੇ ਮਾਨ ਵਡਿਆਈ ਬਖ਼ਸ਼ਦਾ ਹੈ । ਗੁਰਬਾਣੀ ਵਿਚ ਇਸ ਪ੍ਰਕਾਰ ਵਰਨਣ ਹੈ :

ਜਿਸ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹ ਚਹਕੁੰਟ ਮਾਨੈ ॥ (ਆਸਾ ਮ: ੫)

ਜਿਸ ਮਨੁੱਖ ਨੂੰ ਇਸ ਨਾਮ ਰੂਪੀ ਧੰਨ ਦੀ ਪ੍ਰਾਪਤੀ ਹੋ ਗਈ ਉਹ ਦੂਸਰੇ ਮਨੁੱਖਾਂ ਤੋਂ ਉੱਚਾ ਹੋ ਗਿਆ। ਸੁਖਮਨੀ ਸਾਹਿਬ ਵਿਚ ਤਾਂ ਨਾਮ ਵਿਚ ਅਭੇਦ ਹੋਏ ਮਨੁੱਖ ਨੂੰ 'ਬ੍ਰਹਮ ਗਿਆਨੀ' ਦਾ ਦਰਜਾ ਦਿੱਤਾ ਗਿਆ ਹੈ। ਜਿਸ ਪਾਸ ਇਹ ਨਾਮ ਰੂਪੀ ਖਜਾਨਾ ਹੋ ਜਾਂਦਾ ਹੈ, ਉਸ ਦਾ ਮਲਾਲ ਹੀ ਹੋਰ ਹੁੰਦਾ ਹੈ। ਉਹ ਕਿਤਨਾ ਵੀ ਇਸ ਨੂੰ ਛੁਪਾਵੇ; ਇਹ ਰਤਨ ਛੁਪਾਇਆਂ ਨਹੀਂ ਛੁਪਦਾ। ਗੁਰਬਾਣੀ ਦੇ ਮਹਾਂਵਾਕ ਅਨੁਸਾਰ :

ਐਸਾ ਨਾਮੁ ਰਤਨ ਨਿਰਮੋਲਕੁ,
ਪੁੰਨਿ ਪਦਾਰਥ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ,
ਰਤਨੁ ਨ ਛਪੈ ਛਪਾਇਆ ॥

ਗੁਰਬਾਣੀ ਵਿਚ ਤਾਂ ਇਥੋਂ ਤਕ ਕਿਹਾ ਗਿਆ ਹੈ ਕਿ ਜਿਥੇ ਨਾਮ ਦਾ ਜਾਪ ਹੁੰਦਾ ਹੈ, ਉਹ ਥਾਨ ਵੀ ਸੁਹਾਵਾ ਹੋ ਜਾਂਦਾ ਹੈ। ਉਸ ਥਾਂ ਮੰਗਲ ਲੱਗ ਜਾਂਦੇ ਹਨ। ਜਿਸ ਥਾਂ ਤੇ ਵਾਹਿਗੁਰੂ ਜੀ ਦਾ ਨਾਮ ਕੋਈ ਨਹੀਂ ਜਪਦਾ, ਉਹ ਸਥਾਨ ਸੁੰਨਸਾਨ, ਉਜਾੜ ਦੇ ਸਮਾਨ ਹੈ, ਉਥੇ ਕੋਈ ਰੌਣਕ ਨਹੀਂ ਰਹਿੰਦੀ। ਗੁਰਬਾਣੀ ਵਿਚ ਬਿਆਨ ਇਸ ਪ੍ਰਕਾਰ ਹੈ :

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥

ਸੋ ਅਸਥਲ ਸੋਇਨ ਚਉਬਾਰੇ ॥
ਜਿਥੈ ਨਾਮੁ ਨ ਜਪੀਐ ਮੇਰੇ ਗੋਇੰਦ,
ਸੇਈ ਨਗਰ ਉਜਾੜੀ ਜੀਉ ॥ (ਮਾਝ ਮ: ੫)

ਇਥੋਂ ਤਕ ਕਿ ਉਹ ਅਸਥਾਨ ਜਿਥੇ ਨਾਮ ਦਾ ਜਾਪ ਹੁੰਦਾ ਹੈ, ਉਹ ਸਭ ਤੋਂ ਉੱਤਮ ਗਿਣਿਆ ਜਾਂਦਾ ਹੈ ਅਤੇ ਉਸ ਦੀ ਸੋਭਾ ਵੀ ਅੱਡਰੀ ਹੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ:

ਸਗਲ ਥਾਨ ਤੇ ਓਹੁ ਊਤਮ ਥਾਨੁ ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥
(ਗਉੜੀ ਸੁਖਮਨੀ ਮ: ੫)

ਹੁਣ ਪ੍ਰਸ਼ਨ ਹੁੰਦਾ ਹੈ ਕਿ ਕਿਹੋ ਜਿਹੇ ਨਾਮ ਨੂੰ ਧਾਰਨ ਕਰੀਏ ? ਨਾਮ ਤੋਂ ਕੀ ਪ੍ਰਾਪਤ ਹੁੰਦਾ ਹੈ। ਗੁਰਬਾਣੀ ਵਿਚ ਨਾਮ ਦੀ ਵਡਿਆਈ ਅਨੇਕ ਭਾਂਤਿ ਬਿਆਨ ਕੀਤੀ ਹੈ ਅਤੇ ਮਨੁੱਖ ਨੂੰ ਨਾਮ ਦੀ ਚੇਟਕ ਲਾਉਣ ਲਈ ਸੁਚੇਤ ਕੀਤਾ ਹੈ, ਉਸ ਵਾਹਿਗੁਰੂ ਜੀ ਦੇ ਨਾਮ ਦੇ ਅਨੇਕਾਂ ਗੁਣ ਕਥਨ ਇਸ ਪ੍ਰਕਾਰ ਗੁਰਬਾਣੀ ਵਿਚ ਵਰਨਣ ਕੀਤੇ ਗਏ ਪ੍ਰਾਪਤ ਹੁੰਦੇ ਹਨ :

ਸੋ ਐਸਾ ਹਰਿਨਾਮੁ ਧਿਆਈਐ ਮਨ ਮੇਰੇ;
ਜੋ ਸਭਨਾ ਉਪਰਿ ਹੁਕਮੁ ਚਲਾਏ ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ,
ਜੋ ਅੰਤੀ ਅਉਸਰਿ ਲਏ ਛਡਾਏ ॥
ਸੋ ਐਸਾ ਹਰਿਨਾਮੁ ਜਪੀਐ ਮਨ ਮੇਰੇ,
ਜੋ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥
ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ;
ਤਿਨ ਨਿੰਦਕ ਦੁਸਟ ਸ ਪੈਰੀ ਪਾਏ ॥
ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ,
ਸਭਿ ਨਾਵੈ ਅਗੈ ਆਣਿ ਨਿਵਾਇ ॥
(ਸ੍ਰੀ ਰਾਗ ਕੀ ਵਾਰ ਮ: ੯੯)

ਨਾਮ ਦੀ ਪ੍ਰਾਪਤੀ ਵੀ ਮਨੁੱਖ ਦੇ ਵੱਸ ਨਹੀਂ। ਕੋਈ ਪੂਰਾ ਗੁਰੂ ਜਾਂ ਪਹੁੰਚਿਆ ਹੋਇਆ ਮੁਰਸ਼ਦ ਹੀ ਇਹ ਰਾਹ ਵਿਖਾ ਸਕਦਾ ਹੈ। ਫਿਰ ਨਾਮ ਦੀ ਚੇਟਕ ਤਾਂ ਉਹ ਵਾਹਿਗੁਰੂ ਜੀ ਆਪ ਆਪਣੇ ਭਗਤਾਂ ਨੂੰ ਲਾਉਂਦਾ ਹੈ । ਉਸ ਦੀ ਦਾਤ ਬਹੁਤ ਵੱਡੀ ਹੈ। ਜਿਸ ਤੇ ਉਸ ਦੀ ਮਿਹਰ ਦੀ ਨਜ਼ਰ ਹੋ ਜਾਂਦੀ ਹੈ, ਉਸ ਨੂੰ ਹੀ ਇਸ ਨਾਮ ਦੀ ਬਖਸ਼ਿਸ਼ ਹੁੰਦੀ ਹੈ। ਮਨੁੱਖ ਲੱਖ ਹੀਲਾ ਕਰੇ। ਜਿਤਨੀ ਦੇਰ ਵਾਹਿਗੁਰੂ ਜੀ ਆਪ ਨਹੀਂ ਤਰੁਠੇਗਾ, ਉਤਨੀ ਦੇਰ ਤੱਕ ਇਹ ਨਾਮ ਵਸਤੂ ਪ੍ਰਾਪਤ ਨਹੀਂ ਹੋ ਸਕਦੀ। ਗੁਰਬਾਣੀ ਵਿੱਚ ਵਰਨਣ ਆਇਆ ਹੈ :

ਜਾ ਕਉ ਅਪਨੀ ਕਿਰਪਾ ਧਾਰੈ ॥
ਸੋ ਜਨੁ ਰਸਨਾ ਨਾਮੁ ਉਚਾਰੈ ॥ (ਗਉੜੀ ਮ: ੫)

ਇਸ ਕਲਜੁਗ ਦੇ ਘੋਰ ਅੰਧਕਾਰ ਦੇ ਸਮੇਂ ਵਿਚ ਗੁਰੂ ਸਾਹਿਬਾਂ ਨੇ ਮਨੁੱਖ ਨੂੰ ਨਾਮ ਦੇ ਲੜ ਲਾਇਆ ਅਤੇ ਕਿਹਾ :

ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥ (ਭੈਰਉ ਮ: ੩)

ਕਲਜੁਗ ਵਿਚ ਅਨੇਕਾਂ ਪਾਪੀ ਜੀਵ ਕੇਵਲ ਉਸ ਦਾ ਨਾਮ ਲੈ ਕੇ ਭਵਸਾਗਰ ਪਾਰ ਉਤਰ ਗਏ। ਗਨਿਕਾ ਵੇਸਵਾ ਸੀ। ਸਾਰੀ ਉਮਰ ਪਰਮਾਤਮਾ ਦਾ ਨਾਮ ਨਹੀਂ ਲਿਆ। ਅੰਤ ਉਹ ਵੀ ਨਾਮ ਸਿਮਰ ਕੇ ਪਾਰ ਉਤਰ ਗਈ। ਅਜਾਮਲ ਪਾਪੀ ਆਪਣੇ ਪੁੱਤਰਾਂ ਨੂੰ ਨਹੀਂ ਸੀ ਬੁਲਾਉਂਦਾ ਕਿ ਕਿਧਰੇ ਪਰਮਾਤਮਾ ਦਾ ਨਾਮ ਉਸ ਦੇ ਮੁਖੋਂ ਨਾ ਨਿਕਲ ਜਾਏ। ਅੰਤ ਉਹ ਵੀ ਤਰ ਗਿਆ। ਕੌਡਾ ਰਾਖਸ਼, ਧੰਨਾ ਜੱਟ, ਸਧਨਾ ਕਸਾਈ—ਆਦਿ ਜੈਸੇ ਵੀ ਨਾਮ ਸਿਮਰਨ ਨਾਲ ਪਾਰ ਉਤਰ ਗਏ। ਗੁਰਬਾਣੀ ਵਿਚ ਇਸ ਪ੍ਰਕਾਰ ਜੀਵਾਂ ਦੇ ਨਾਮ ਬਾਣੀ ਨਾਲ ਪਾਰ ਉਤਾਰਨ ਦੀਆਂ ਅਨੇਕਾਂ ਹੀ ਉਦਾਹਰਣਾਂ ਪ੍ਰਾਪਤ ਹੁੰਦੀਆਂ ਹਨ। ਭਗਤ ਨਾਮ ਦੇਵ ਜੀ ਇਸ ਨਾਮ ਰਸ ਵਿਚ ਗੜੂੰਦ ਵਾਹਿਗੁਰੂ ਜੀ ਦੇ ਨਾਮ ਦੀ ਮਹਿਮਾ ਇਸ ਪ੍ਰਕਾਰ ਬਿਆਨਦੇ ਹਨ :

ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥
(ਤਿਲੰਗ ਨਾਮਦੇਵ ਜੀ[

ਜਿਸ ਨੂੰ ਇਕ ਵਾਰੀ ਨਾਮ ਬਾਣੀ ਦੀ ਚੇਟਕ ਲੱਗ ਗਈ, ਉਹ ਭਵਸਾਗਰ ਪਾਰ ਉਤਰ ਗਿਆ, ਕਿਉਂਕਿ ਉਹ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ ਅਤੇ ਸਦਾ ਉਸ ਬ੍ਰਹਮ ਦੇ ਨਾਮ ਵਿਚ ਹੀ ਲਿਵਲੀਣ ਹੋ ਜਾਂਦਾ ਹੈ :

ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥
ਜਿਸੁ ਕਰਮੁ ਹੋਵੈ ਸੋ ਸਤਿਗੁਰ ਪਾਏ
ਅਨਦਿਨੁ ਲਾਗੈ ਸਹਜ ਧਿਆਨਾ ॥ (ਬਿਲਾਵਲੁ ਮ: ੩)

ਭਗਤ ਜਨ ਉਸ ਦੇ ਨਾਮ ਦੀ ਪ੍ਰਾਪਤੀ ਲਈ ਅਰਜੋਈਆਂ ਕਰਦੇ ਹਨ। ਅਨੇਕਾਂ ਤਪ, ਸਾਧਨ ਕੀਤੇ ਜਾਂਦੇ ਹਨ ਤਾਂ ਜਾ ਕੇ ਕਿਧਰੇ ਉਹ ਆਪਣੀ ਕਿਰਪਾ ਕਰਕੇ ਨਾਮ ਦੀ ਦਾਤ ਦਿੰਦਾ ਹੈ। ਉਸ ਦੇ ਚਹੇਤੇ ਇਹੋ ਹੀ ਕਾਮਨਾ ਕਰਦੇ ਹਨ :

ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ ॥
ਪ੍ਰੇਮ ਭਗਤਿ ਅਪਨੋ ਨਾਮੁ ਦੀਜੈ,
ਦਇਆਲ ਅਨੁਗ੍ਰਹੁ ਧਾਰੇ ॥ (ਮਲਾਰ ਮ: ੫)

ਵਾਹਿਗੁਰੂ ਜੀ ਆਪ ਕਿਰਪਾਲ ਹੋ ਕੇ ਤਰੁੱਠਦਾ ਹੈ ਅਤੇ ਆਪਣੇ ਭਗਤਾਂ ਨੂੰ ਨਾਮ ਬਾਣੀ ਦੀ ਪ੍ਰੇਰਨਾ ਦਿੰਦਾ ਹੈ। ਜਿਤਨੀ ਦੇਰ ਤੱਕ ਉਹ ਆਪ ਕਿਰਪਾ ਨਹੀਂ ਕਰਦਾ ਉਤਨੀ ਦੇਰ ਤੱਕ ਮਨੁੱਖ ਦਾ ਮਨ ਇਸ ਪਾਸੇ ਨਹੀਂ ਲੱਗਦਾ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

ਆਪਿ ਜਪਾਏ ਜਪੈ ਸੋ ਨਾਉ ॥
ਆਪਿ ਗਵਾਏ ਸੁ ਹਰਿ ਗੁਨ ਗਾਉ ॥
(ਗਉੜੀ ਸੁਖਮਨੀ ਮ: ੫)

ਪਰ ਹੈਰਾਨੀ ਦੀ ਗੱਲ ਹੈ ਕਿ ਮਨੁੱਖ ਸੰਸਾਰਕ ਮਾਇਆ ਵਿਚ ਗਲਤਾਨ ਇਸ ਪਾਸੇ ਧਿਆਨ ਹੀ ਨਹੀਂ ਧਰਦਾ। ਸੱਚੇ ਨਾਮ ਨੂੰ ਤਿਆਗ ਕੇ ਝੂਠੇ ਮੋਹ ਮਾਇਆ ਵਿਚ ਪੈ ਕੇ ਮਨੁੱਖ ਸਮਾਂ ਅਜਾਈਂ ਗੁਆ ਲੈਂਦਾ ਹੈ। ਉਹਦੇ ਨਿਰੰਤਰ ਯਤਨਾਂ ਨਾਲ ਵੀ ਉਹ ਮਾਇਆ ਇਕੱਠੀ ਨਹੀਂ ਕਰ ਸਕਦਾ ਅਤੇ ਨਾ ਹੀ ਉਸ ਦੇ ਮਨ ਨੂੰ ਸ਼ਾਂਤੀ

ਮਿਲਦੀ ਹੈ। ਗੁਰਬਾਣੀ ਵਿਚ ਸਪਸ਼ਟ ਸੰਕੇਤ ਹੈ :

ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥

(ਗਉੜੀ ਸੁਖਮਨੀ ਪ: ੫)

ਨਾਮ ਧਨ ਦੀ ਪ੍ਰਾਪਤੀ ਹੋ ਜਾਣ ਨਾਲ ਮਨੁੱਖ ਨੂੰ ਸ਼ਾਂਤੀ ਮਿਲਦੀ ਹੈ। ਉਸ ਦਾ ਮਨ ਅਨੇਕਾਂ ਭਟਕਣਾਂ ਤੋਂ ਬਚ ਜਾਂਦਾ ਹੈ। ਸੰਸਾਰਕ ਸੰਕਟ ਉਸ ਦਾ ਨਾਮ ਲੈਣ ਨਾਲ ਹੀ ਦੂਰ ਹੋ ਜਾਂਦਾ ਹੈ। ਨਾਮ ਦੀ ਮਹਿਮਾਂ ਇਸ ਪ੍ਰਕਾਰ ਬਿਆਨੀ ਗਈ ਹੈ :

ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥

(ਗਉੜੀ ਸੁਖਮਨੀ ਮ: ੫)

ਇਸੇ ਲਈ ਤਾਂ ਗੁਰਬਾਣੀ ਵਿਚ ਥਾਂ ਪ੍ਰਥਾਇ ਨਾਮ ਰੂਪੀ ਪੂੰਜੀ ਨੂੰ ਸੰਚਿਤ ਕਰਨ ਲਈ ਪ੍ਰੇਰਣਾ ਦਿੱਤੀ ਹੈ ਜਿਸ ਨਾਲ ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਅਨੁਸਾਰ ਮਨੁੱਖ ਨੂੰ ਇਸ ਪਰਕਾਰ ਸੁਚੇਤ ਕੀਤਾ ਹੈ :

ਸੰਚਿ ਹਰਿ ਧਨੁ, ਪੂਜਿ ਸਤਿਗੁਰੁ, ਛੋਡਿ ਸਗਲ ਵਿਕਾਰ ॥

(ਸਿਰੀ ਰਾਗੁ ਮ: ੫)

ਨਾਮ ਦੀ ਪ੍ਰਾਪਤੀ ਬਹੁਤ ਮੁਸ਼ਕਿਲ ਨਾਲ ਹੁੰਦੀ ਹੈ। ਜਿਸ ਨੂੰ ਇਹ ਨਾਮ ਰੂਪੀ ਅੰਮ੍ਰਿਤ ਦੀ ਦਾਤ ਪ੍ਰਾਪਤ ਹੋ ਗਈ, ਉਸ ਨੂੰ ਸੰਸਾਰ ਦੇ ਹੋਰ ਝੂਠੇ ਪਦਾਰਥਾਂ ਦਾ ਮੋਹ ਤਿਆਗ ਕੇ ਨਾਮ ਬਾਣੀ ਦਾ ਹੀ ਜਾਪ ਕਰਨਾ ਚਾਹੀਦਾ ਹੈ। ਗੁਰਬਾਣੀ ਵਿੱਚ ਨਾਮ ਬਾਣੀ ਲਈ ਇਸ ਪ੍ਰਕਾਰ ਬਿਆਨਿਆ ਗਿਆ ਹੈ :

ਅੰਤਰਿ ਗਾਵਉ ਬਾਹਰਿ ਗਾਵਉ, ਗਾਵਉ ਜਾਗਿ ਸਵਾਰੀ ॥
ਸੰਗਿ ਚਲਨ ਕਉ ਤੋਸਾ ਦੀਨਾ,
ਗੋਬਿੰਦ ਨਾਮ ਕੇ ਬਿਉਹਾਰੀ ॥੧॥
ਅਵਰ ਬਿਸਾਰੀ ਬਿਸਾਰੀ ॥
ਨਾਮੁ ਦਾਨੁ ਗੁਰਿ ਪੂਰੇ ਦੀਓ, ਮੈ ਏਹੋ ਆਧਾਰੀ ॥੧॥ਰਹਾਉ॥

ਦੂਖਨਿ ਗਾਵਉ ਸੁਖਿ ਭੀ ਗਾਵਉ, ਮਾਰਗਿ ਪੰਥਿ ਸਮਾਰੀ ॥
ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ, ਮੋਰੀ ਤਿਸਾ ਬੁਝਾਰੀ ॥
(ਆਸਾ ਮ: ੫)

ਇਸ ਪ੍ਰਕਾਰ ਗੁਰਬਾਣੀ ਦਾ ਸੰਦੇਸ਼ ਮਨੁੱਖ ਨੂੰ ਨਾਮ ਬਾਣੀ ਦੀ ਲਗਨ ਲਾਉਣ, ਨਾਮ ਸਿਮਰਨ ਦੀ ਪ੍ਰੇਰਣਾ ਅਤੇ ਸੰਸਾਰਕ ਝੂਠੇ ਵਣਿਜ ਦਾ ਤਿਆਗ ਕਰਨ ਤੋਂ ਅਵੇਸਲਾ ਕਰਾਉਂਦਾ ਹੈ। ਜਦੋਂ ਮਨੁੱਖ ਨੂੰ ਪਤਾ ਹੈ ਕਿ ਨਾਮ ਤੋਂ ਬਿਨਾ ਸਭ ਅਸੱਤ ਹੈ, ਅੰਤ ਨੂੰ ਇਹੋ ਹੀ ਦੁੱਖਾਂ ਤੋਂ ਛੁਟਕਾਰਾ ਦੁਆ ਸਕਦਾ ਹੈ ਫਿਰ ਅਜਿਹੀ ਵਸਤੂ ਨੂੰ ਕਿਉਂ ਨਾ ਸੰਭਾਲ ਕੇ ਰੱਖਿਆ ਜਾਵੇ। ਗੁਰਬਾਣੀ ਵਿਚ ਇਸ ਨਾਮ ਖੇਤੀ ਨੂੰ ਬੀਜਣ ਲਈ ਦਿੱਤਾ ਗਿਆ ਸੰਦੇਸ਼ ਇਸ ਪ੍ਰਕਾਰ ਹੈ :

ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥ (ਆਸਾ ਮ: ੫)

ਮਨੁੱਖ ਦੈਨਿਕ ਜੀਵਨ ਵਿਚ ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਅਨੇਕਾਂ ਸੰਸਾਰਿਕ ਯਤਨ ਕਰਦਾ ਹੈ। ਸੁੱਖ ਲਈ ਮਾਇਆ ਇਕੱਠੀ ਕਰਦਾ ਹੈ ਜਿਸ ਨਾਲ ਸੰਸਾਰਕ ਭੋਗ ਭੋਗਦਾ ਹੈ, ਪਰੰਤੂ ਉਹ ਸੱਚੇ ਨਾਮ ਦਾ ਵਪਾਰ ਨਹੀਂ ਕਰਦਾ, ਕਿਉਂਕਿ :

ਇਹ ਵਾਪਾਰੁ ਵਿਰਲਾ ਵਾਪਾਰੈ ॥
(ਗਉੜੀ ਸੁਖਮਨੀ ਮ: ੫)

ਕਿਸੇ ਭਾਗਾਂ ਵਾਲੇ ਨੂੰ ਹੀ ਅਜਿਹੇ ਵਪਾਰ ਦਾ ਬੋਧ ਹੁੰਦਾ ਹੈ। ਹਰ ਇਕ ਪ੍ਰਾਣੀ ਮਾਤਰ ਇਸ ਗੱਲ ਤੋਂ ਅਵੇਸਲਾ ਨਹੀਂ ਕਿ ਇਕ ਦਿਨ ਉਸ ਨੇ ਇਸ ਸੰਸਾਰ ਨੂੰ ਤਿਆਗ ਕੇ ਚਲੇ ਜਾਣਾ ਹੈ। ਮਨੁੱਖ ਲਈ ਅੰਤ ਨੂੰ ਉਸ ਸੱਚੇ ਘਰ ਵਿਚ ਹੀ ਸਥਾਨ ਹੈ ਪਰੰਤੂ ਇਹ ਸਥਾਨ ਤਾਂ ਹੀ ਪ੍ਰਾਪਤ ਹੋ ਸਕਦਾ ਹੈ। ਜੇਕਰ ਨਾਮ ਧੰਨ ਪੱਲੇ ਹੋਵੇਗਾ। ਆਉਣ ਵਾਲੇ ਭਵਿੱਖ ਨੂੰ ਅਣਗੌਲਿਆਂ ਕਰਕੇ ਵਰਤਮਾਨ ਸੁੱਖ ਵਧੇਰੇ ਚੰਗੇ ਲੱਗਦੇ ਹਨ। ਗੁਰਬਾਣੀ ਵਿਚ ਮਨੁੱਖ ਨੂੰ ਸੁਚੇਤ ਕੀਤਾ ਗਿਆ ਹੈ ਕਿ ਨਾਮ ਬਾਣੀ ਦਾ ਸਿਮਰਨ ਕਰਕੇ ਮਨੁੱਖ ਆਪਣੀ ਪੱਤ ਨਾਲ

ਉਸ ਸੱਚੇ ਦੇ ਘਰ ਵਿਚ ਜਾ ਸਕਦਾ ਹੈ ਨਹੀਂ ਤਾਂ ਉੱਥੇ ਵੀ ਕੋਈ ਸਥਾਨ ਨਹੀਂ ਮਿਲੇਗਾ। ਵਰਨਣ ਇਸ ਪ੍ਰਕਾਰ ਹੈ :

ਰਾਮ ਨਾਮ ਜਪਿ ਹਿਰਦੇ ਮਾਹਿ ॥
ਨਾਨਕ ਪਤਿ ਸੇਤੀ ਘਰਿ ਜਾਹਿ ॥

(ਗਉੜੀ ਸੁਖਮਨੀ ਮ: ੫)

ਮਨੁੱਖ ਬੁੱਧੀ ਅਨੁਸਾਰ ਚੰਚਲ ਹੈ। ਉਸ ਦਾ ਮਨ ਮਨੁੱਖ ਨੂੰ ਹੋਰ ਪਾਸੇ ਲਾਈ ਰੱਖਦਾ ਹੈ। ਅਗਿਆਨੀ ਜੀਵ ਆਪਣੀ ਸੰਚਿਤ ਕੀਤੀ ਮਾਇਆ ਜੋ ਉਹ ਅਨੇਕਾਂ ਕਸ਼ਟ ਸਹਿ ਕੇ ਅਤੇ ਕੁਕਰਮ ਕਰਕੇ ਜੋੜਦਾ ਹੈ, ਉਸ ਵਿਚੋਂ ਦਾਨ ਦੇ ਕੇ ਪਰਮਾਤਮਾ ਬਣਨਾ ਲੋਚਦਾ ਹੈ, ਮਾਇਆ ਪਾਪਾਂ ਤੋਂ ਬਿਨਾਂ ਇਕੱਠੀ ਨਹੀਂ ਹੁੰਦੀ। ਫਿਰ ਪਾਪ ਕਰਕੇ ਕਮਾਏ ਧੰਨ ਨਾਲ ਸੁਖ ਚੈਨ ਕਿਥੇ ? ਮਨੁੱਖ ਇਹ ਸੋਚਦਾ ਹੈ ਕਿ ਉਹ ਇਸ ਮਾਇਆ ਨਾਲ ਤੀਰਥ ਆਦਿ ਕਰਕੇ ਆਪਣੇ ਪਾਪ ਧੋ ਲਵੇਗਾ ਪਰ ਇਹ ਸਭ ਅਗਿਆਨਤਾ ਹੈ। ਗੁਰਬਾਣੀ ਵਿਚ ਤਾਂ ਨਾਮ ਹੀ ਤੀਰਥ ਦੱਸਿਆ ਹੈ। ਮਨੁੱਖ ਨੂੰ ਕਿਧਰੇ ਵੀ ਭਟਕਣ ਦੀ ਲੋੜ ਨਹੀਂ, ਘਰ ਬੈਠ ਕੇ ਨਾਮ ਦੀ ਬਾਣੀ ਦਾ ਸਿਮਰਨ ਕਰਕੇ ਸਭ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਬਾਣੀ ਅਨੁਸਾਰ :

ਤੀਰਥ ਹਮਰਾ ਹਰਿ ਕੋ ਨਾਮੁ ॥
ਗੁਰ ਉਪਦੇਸਿਆ ਤਤੁ ਗਿਆਨ ॥ (ਭੈਰਉ ਮ: ੫)

ਹੋਰ ਝੂਠੇ ਧੰਦੇ ਕਰਕੇ ਮਨੁੱਖ ਆਪਣੇ ਲਈ ਦੁਖਾਂ ਦਾ ਜਾਲ ਬੁਣਦਾ ਹੈ। ਜਿਸ ਮਾਇਆ ਨੂੰ ਇਕੱਠੀ ਕਰਨ ਲਈ ਉਹ ਆਪਣਾ ਸਾਰਾ ਜੀਵਨ ਲਗਾ ਦਿੰਦਾ ਹੈ, ਅੰਤ ਸਮੇਂ ਉਹ ਮਨੁੱਖ ਦੇ ਨਾਲ ਨਹੀਂ ਜਾਂਦੀ। ਅੰਤ ਵੇਲੇ ਖਾਲੀ ਹੱਥੀਂ ਹੀ ਸੱਚੀ ਦਰਗਾਹ ਵਿਚ ਜਾਣਾ ਪੈਂਦਾ ਹੈ। ਉਸ ਵੇਲੇ ਮਨੁੱਖ ਨੂੰ ਹੋਸ਼ ਆਉਂਦੀ ਹੈ, ਪਛਤਾਉਂਦਾ ਹੈ, ਪਰ ਹੁਣ ਕੀ ਹੋ ਸਕਦਾ ਹੈ। ਇਸ ਸਮੇਂ ਲਈ ਤਾਂ ਮਨੁੱਖ ਨੂੰ ਪਹਿਲਾਂ ਅਵੇਸਲਾ ਹੋਣਾ ਚਾਹੀਦਾ ਹੈ। ਗੁਰਬਾਣੀ ਵਿਚ ਮਨੁੱਖ ਨੂੰ ਸੁਚੇਤ ਕੀਤਾ ਹੈ :

ਵਖਰੁ ਨਾਮੁ ਲਦਿ ਖੇਪ ਚਲਾਵਹੁ ॥

ਜਿਸ ਨੇ ਨਾਮ ਰੂਪੀ ਵਪਾਰ ਕਰ ਲਿਆ, ਉਹ ਸੰਸਾਰ ਤੋਂ ਮੁਕਤ ਹੋ ਗਿਆ। ਨਾਮ ਅਮੋਲਕ ਵਸਤੂ ਹੈ। ਸੰਸਾਰ ਦੀਆਂ ਅਨੇਕਾਂ ਚੀਜ਼ਾਂ ਨਾਮ ਦੇ ਸਮਾਨ ਕੁਛ ਵੀ ਨਹੀਂ। ਨਾਮ ਹੀ ਸਭ ਤੋਂ ਸ੍ਰੇਸ਼ਟ ਹੈ। ਗੁਰਬਾਣੀ ਅਨੁਸਾਰ :

ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥

(ਗਉੜੀ ਸੁਖਮਨੀ ਮ: ੫)

ਨਾਮ ਦੇ ਅਨੇਕਾਂ ਗੁਣ ਹੁੰਦਿਆਂ ਵੀ ਮਨੁੱਖ ਇਸ ਵਲ ਆਪਣਾ ਧਿਆਨ ਨਹੀਂ ਧਰਦਾ। ਸਭ ਥਾਈਂ ਕੇਵਲ ਨਾਮ ਨਾਲ ਹੀ ਛੁਟਕਾਰਾ ਪ੍ਰਾਪਤ ਹੋਣਾ ਹੈ। ਇਹੋ ਹੀ ਮਨੁੱਖ ਦਾ ਪਾਲ ਅਤੇ ਸੱਚਾ ਜੀਵਨ ਧਨ ਹੈ। ਇਸ ਬਾਰੇ ਫੁਰਮਾਨ ਹੈ :

ਜੀਅ ਪ੍ਰਾਨ ਧਨੁ ਹਰਿ ਕੋ ਨਾਮੁ ॥
ਈਹਾ ਊਹਾ ਉਨ ਸੰਗਿ ਕਾਮੁ ॥
ਬਿਨੁ ਹਰਿ ਨਾਮ ਅਵਰ ਸਭ ਥੋਰਾ ॥
ਤ੍ਰਿਪਤਿ ਅਘਾਵੈ, ਹਰਿ ਦਰਸਨਿ ਮਨੁ ਮੋਰਾ ॥

(ਆਸਾ ਮ: ੫)

ਇਸ ਨਾਮ ਧਨ ਨੂੰ ਕੇਵਲ ਆਪਣੇ ਤੱਕ ਹੀ ਸੀਮਤ ਰੱਖਣ ਲਈ ਨਹੀਂ, ਸਗੋਂ ਦੂਸਰਿਆਂ ਨੂੰ ਵੀ ਨਾਮ ਜਪਾਉਣ ਲਈ ਕਿਹਾ ਗਿਆ ਹੈ :

ਆਪ ਜਪਹੁ ਅਵਰਹ ਨਾਮੁ ਜਪਾਵਹੁ ॥'

(ਗਉੜੀ ਸੁਖਮਨੀ ਮ: ੫)

ਨਾਮ ਜਪਣ ਨਾਲ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ, ਰਸਨਾ ਪਵਿੱਤਰ ਹੁੰਦੀ ਹੈ, ਅਨੇਕਾਂ ਦੁਖਾਂ ਦਾ ਨਾਸ਼ ਹੁੰਦਾ ਹੈ ਅਤੇ ਜਨਮ ਮਰਨ ਦਾ ਚੱਕਰ ਖ਼ਤਮ ਹੋ ਜਾਂਦਾ ਹੈ। ਸੁਖਮਨੀ ਸਾਹਿਬ ਵਿਚ ਤਾਂ ਨਾਮ ਪ੍ਰਾਪਤ ਕਰਨ ਵਾਲੇ ਮਨੁੱਖ ਨੂੰ ਅਨੇਕਾਂ ਗੁਣਾਂ ਦਾ ਧਾਰਨੀ ਦਸਿਆ ਹੈ। ਕਿਉਂ ਨਾ ਉਸ ਸੱਚੇ ਦਾ ਨਾਮ ਜਪਿਆ ਜਾਵੇ ਜੋ ਸਦਾ ਸੁਖਦਾਈ ਹੈ, ਕਲਿਆਣਕਾਰੀ ਹੈ, ਅੰਗ ਸੰਗ ਰਹਿਣ ਵਾਲਾ ਹੈ ਅਤੇ ਸਾਡਾ

ਮੀਤ ਹੈ। ਇਸ ਨਾਮ ਦੀ ਵਡਿਆਈ ਦਾ ਬਿਆਨ ਕਰਨਾ ਅਸੰਭਵ ਹੈ। ਗੁਰਬਾਣੀ ਅਨੁਸਾਰ :

ਨਾਮੈ ਕੀ ਵਡਿਆਈ ॥
ਤਿਸੁ ਕੀਮਤਿ ਕਹਣੁ ਨ ਜਾਈ ॥
ਜਨ ਨਾਨਕ ਨਾਮੁ ਧਿਆਇਆ ॥
ਤਿਨਿ ਸਰਬ ਸੁਖਾ ਫਲ ਪਾਇਆ ॥ (ਸੋਰਠਿ ਮ: ੫)

ਸਪੱਸ਼ਟ ਹੈ ਵਾਹਿਗੁਰੂ ਜੀ ਦੇ ਮਿਲਣ ਲਈ ਉਸ ਦੇ ਨਾਮ ਦੀ ਲੋੜ ਹੈ। ਪਦਾਰਥਕ ਵਸਤੂਆਂ ਜਿਥੇ ਸਥੂਲ ਹਨ ਉੱਤੇ ਘਟ ਘਟ ਵਿਚ ਵੱਸਣ ਵਾਲੀ ਇਹ ਸ਼ਕਤੀ ਬੜੀ ਸੂਖਮ ਹੈ। ਜਿਸ ਤੋਂ ਪਰੇ ਹੋਰ ਕੋਈ ਸੂਖਮਤਾ ਹੀ ਨਹੀਂ। ਇਸ ਨੂੰ ਜਾਨਣਾ ਹਰ ਇਕ ਦੇ ਵੱਸ ਵਿਚ ਨਹੀਂ। ਉਸ ਸੂਖਮ ਪ੍ਰਭੂ ਜੀ ਦਾ ਮਿਲਾਪ ਵੀ ਘਟ ਘਟ ਵਿਚ ਹੁੰਦਾ ਹੈ। ਸਤਿਗੁਰੂ ਜੀ ਦੀ ਕਿਰਪਾ ਦੁਆਰਾ ਇਹ ਲਿਖਿਆ ਜਾਂਦਾ ਹੈ। ਸਤਿਗੁਰੂ ਉਹ ਹੈ, ਜਿਸ ਦਾ ਵਾਹਿਗੁਰੂ ਜੀ ਨਾਲ ਮਿਲਾਪ ਹੋ ਚੁੱਕਾ ਅਤੇ ਜਿਸ ਨੇ ਜੀਵ ਆਤਮਾ ਉੱਤੇ ਮਿਹਰ ਕਰਕੇ ਉਸ ਨੂੰ ਨਾਮ ਦਾ ਮਾਰਗ ਦਰਸਾਉਣਾ ਹੈ। ਉਹ ਸੁੱਤੀ ਆਤਮਾ ਨੂੰ ਜਗਾ ਦਿੰਦਾ ਹੈ। ਉਸ ਨੂੰ ਹਲੂਣ ਕੇ ਨਾਮ ਜਪਣ ਦਾ ਉਦੇਸ਼ ਕੀਤਾ ਹੈ। ਗੁਰਬਾਣੀ ਦੇ ਫੁਰਮਾਨ ਅਨੁਸਾਰ :

ਜਪਿ ਮਨ ਸਿਰੀ ਰਾਮੁ ॥ ਰਾਮ ਰਮਤ ਰਾਮੁ ॥
ਸ਼ਤਿ ਸਤਿ ਰਾਮੁ ॥
ਬੋਲਹੁ ਭਈਆ ਸਦ ਰਾਮ ਰਾਮੁ ਰਾਮੁ,
ਰਵਿ ਰਹਿਆ ਸਰਬਗੇ ॥ (ਸਾਰੰਗ ਮ: ੪/੧੨੦੨)

ਜਿਸ ਦਾ ਨਾਮ ਅਰਾਧਨਾ ਹੈ ਉਹ ਨਿਰੰਕਾਰ ਨਿਰ+ਆਕਾਰ ਵਾਹਿਗੁਰੂ ਹੈ। ਉਸ ਨੇ ਆਪਣੀ ਸਾਜਨਾ ਆਪ ਕੀਤੀ, ਆਪ ਹੀ ਨਾਮ ਨੂੰ ਰਚਾਇਆ। ਇਸ ਵਿਚਾਰ ਦਾ ਉਲੇਖ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਦਿੱਤਾ ਹੈ :

ਆਪਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
(ਵਾਰ ਆਸਾ ਮ: ੧/੪੬੩)

ਇਹ ਜੀਵਨ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ ਮਿਲਿਆ ਹੈ : ਨਾਮ ਦੀ ਪ੍ਰਾਪਤੀ ਮਨੁੱਖ ਦਾ ਮੁੱਖ ਲਕਸ਼ ਹੈ। ਮਨੁੱਖ ਪ੍ਰਭੂ ਜੀ ਦਾ ਨਾਮ ਜਪ ਕੇ ਉਸ ਨਾਲ ਅਭੇਦ ਹੋ ਜਾਂਦਾ ਹੈ। ਜਿਹੜਾ ਮਨੁੱਖ ਪ੍ਰਭੂ ਜੀ ਨੂੰ ਧਿਆਉਂਦਾ ਹੀ ਨਹੀਂ, ਉਸ ਦਾ ਜੀਵਨ ਅਸਫਲ ਹੈ। ਅਸਲ ਵਿਚ ਗੁਰੂਆਂ ਦਾ ਗੁਰੂ ਕੇਵਲ ਵਾਹਿਗੁਰੂ ਜੀ ਆਪ ਹੀ ਹੈ, ਗੁਰੂ ਦਾ ਰੂਪ ਬਾਣੀ ਜਾਂ ਸ਼ਬਦ ਹੈ, ਗੁਰੂ ਅਭੁੱਲ ਹੈ। ਗੁਰੂ ਪਾਰਬ੍ਰਹਮ ਹੈ : ਗੁਰੂ ਪਾਰਬ੍ਰਹਮ ਪਰਮੇਸਰ ਆਪ। ਗੁਰੂ ਵਿਸ਼ਵਾਸ ਦਾ ਵਿਸ਼ਾ ਹੈ। ਗੁਰਬਾਣੀ ਅਨੁਸਾਰ :

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨਾ ਥੀਐ,
ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥ (ਸਿਰੀ ਰਾਗ ਮ. ੪/੪੦)

ਸਾਡਾ ਵਿਚਾਰਧੀਨ ਨਾਮ ਗੁਰਬਾਣੀ ਵਾਲਾ ਨਾਮ ਹੈ। ਗੁਰਬਾਣੀ ਵਿਚ ਇਸ ਨਾਮ ਦੀ ਵਿਆਖਿਆ ਥਾਂ ਪੁਰ ਥਾਂ ਕੀਤੀ ਗਈ ਹੈ। ਇਸ ਦੇ ਅੱਗੋਂ ਕਈ ਭੇਦ ਕੀਤੇ ਗਏ ਹਨ। ਸੋ ਅਸੀਂ ਇਹ ਕਹਿ ਸਕਦੇ ਹਾਂ ਕਿ ਨਾਮ ਨਾਮੀ ਦੀ ਤਰ੍ਹਾਂ ਅਲਖ ਹੈ। ਅਗਮ ਤੇ ਅਗੋਚਰ ਹੈ। ਭਾਵੇਂ ਗੁਰਮਤਿ ਅਨੁਸਾਰ ਹਰ ਇਕ ਦੇ ਅੰਦਰ ਬੀਜ ਰੂਪ ਵਿਚ ਹੈ। ਜਿਵੇਂ ਅਕਾਲ ਪੁਰਖ ਹਰ ਇਕ ਜੀਵ ਵਿਚ ਰਚਿਆ ਗਿਆ ਹੈ। ਨਾਮ ਸੂਖਮ ਵਸਤੂ ਹੈ। ਜਦੋਂ ਨਾਮ ਦਾ ਪ੍ਰਕਾਸ਼ ਹੋ ਗਿਆ, ਉਦੋਂ ਹਿਰਦੇ ਵਿਚੋਂ ਰਜੋ, ਤਮੋ, ਅਤੇ ਸਤੋ ਗੁਣਾਂ ਦਾ ਅਭਾਵ ਹੋ ਜਾਂਦਾ ਹੈ। ਵਿਅਕਤੀ ਦਾ ਰੋਮ ਰੋਮ ਨਾਮ ਦੇ ਪ੍ਰਕਾਸ਼ ਨਾਲ ਖਿੜ ਜਾਂਦਾ ਹੈ।

ਹਉ ਵਾਰੀ, ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥
ਤਿਸੁ ਰੂਪ ਨਾ ਰੇਖਿਆ ਘਟਿ ਘਟਿ ਦੇਖਿਆ
ਗੁਰਮਤਿ ਅਲਖੁ ਲਖਾਵਣਿਆ ॥ (ਮਾਝ ਮ: ੫/੧੨੯)

ਇਹ ਨਾਮ ਦੇਹੀ ਵਿਚ ਹੀ ਸ਼ਮਾ ਜਾਂਦਾ ਹੈ। ਇਹ ਪ੍ਰਗਟ ਨਹੀਂ

ਹੁੰਦਾ। ਗੁਰਬਾਣੀ ਵਿਚ ਇਸ ਬਾਰੇ ਵਰਨਣ ਹੈ :

ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮ ॥
ਦੇਹੀ ਮਹਿ ਇਸ ਕਾ ਬਿਸ੍ਰਾਮ ॥ (ਗਉੜੀ ਸੁਖਮਨੀ ਮ. ੫)

ਨਾਮ ਜਦ ਪ੍ਰਗਟ ਹੁੰਦਾ ਹੈ ਤਾਂ ਇਹ ਨਾਮ ਪਾਰਸ ਕਲਾ ਵਾਲੇ ਵਾਹਿਗੁਰੂ ਜੀ ਵਿਚ ਅਭੇਦ ਕਰਦਾ ਹੈ। ਨਾਮੀ ਦੇ ਪਰਖ ਸੋਗ ਸਭ ਮਿਟ ਜਾਂਦੇ ਹਨ। ਇੰਦਰੀਆਂ ਵੱਸ ਵਿਚ ਆ ਜਾਂਦੀਆਂ ਹਨ। ਉਸ ਦੀਆਂ ਨੌਂ ਨਿਧਾਂ ਅਤੇ ਬਾਰਾਂ ਸਿਧਾਂ ਹੋ ਜਾਂਦੀਆਂ ਹਨ। ਉਸ ਨੂੰ ਅਨੰਤ ਦੀ ਸੋਝੀ ਹੋ ਜਾਂਦੀ ਹੈ। ਅਗਿਆਨ ਦੇ ਅੰਧੇਰੇ ਦਾ ਨਾਸ਼ ਹੋ ਜਾਂਦਾ ਹੈ। ਗੁਰਬਾਣੀ ਅਨੁਸਾਰ :

ਜਿਸ ਨਾਮੁ ਰਿਦੈ ਸੋਈ ਵਡ ਰਾਜਾ ॥
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥
(ਭੈਰਉ ਮ: ੫/੧੧੫੫)

ਉਸ ਵਾਹਿਗੁਰੂ ਜੀ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਗੁਰਬਾਣੀ ਵਿਚ ਇਸ ਦਾ ਉੱਤਰ ਇਸ ਤਰ੍ਹਾਂ ਹੈ :

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ (ਜਪੁਜੀ)

ਇਹ ਵਾਹਿਗੁਰੂ ਜੀ ਦੀ ਭਗਤੀ ਹੈ, ਜੋ ਇਸ ਸੰਸਾਰ ਵਿਚ ਮਨੁੱਖ ਨੂੰ ਮਾਨ ਦਿਵਾਉਂਦੀ ਹੈ। ਇਹ ਮਾਨ ਤਾਂ ਹੀ ਪ੍ਰਾਪਤ ਹੋਵੇਗਾ ਜੋ ਪ੍ਰਭੂ ਮਨ ਵਿਚ ਵੱਸੇਗਾ। ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਸਭਨਾਂ ਦਾ ਦਾਤਾ ਹੈ :

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

ਜਿਸ ਨੇ ਨਾਮ ਦਾ ਧਨ ਪਾ ਲਿਆ, ਉਸੇ ਨੂੰ ਹੀ ਇਸ ਦੇ ਗੁਣਾਂ ਦਾ ਪਤਾ ਹੈ। ਇਹ ਇਕ ਅਮੋਲਕ ਵਸਤੂ ਹੈ :

ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ (ਗਉੜੀ ਸੁਖਮਨੀ ਮ: ੫)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬ੍ਰਹਮ ਦਾ ਸਰੂਪ ਨਿਰਗੁਣ ਵੀ ਹੈ ਤੇ ਸਰਗੁਣ ਵੀ। ਬ੍ਰਹਮ ਦੇ ਨਿਰਗੁਣ ਸਰੂਪ ਬਾਰੇ ਵਿਚਾਰ ਹੈ ਕਿ ਉਸਦੀ

ਲਖਤਾ ਹੋ ਸਕਦੀ ਹੈ, ਉਹ ਮਨ ਬੁਧੀ ਤੋਂ ਪਰੇ ਅਲਖ ਅਪਾਰ ਹੈ । ਉਹ ਪਾਰਬ੍ਰਹਮ ਹੈ । ਉਹ ਇੰਦਰੀਆਂ, ਬੁਧੀ ਜਾਂ ਮਨ ਦਾ ਵਿਸ਼ਾ ਨਹੀਂ ਹੈ । ਉਹ ਅਨੁਭਵ ਦਾ ਵਿਸ਼ਾ ਹੈ । ਆਤਮਕ ਅਨੁਭਵ ਦਾ ਸਰਗੁਣ ਸਰੂਪ ਵਿਚ ਉਸ ਦੀ ਪੂਰਣ ਲਖਤਾ ਅਨੁਭਵ ਹੈ । ਉਹ ਬੇਅੰਤ ਹੈ । ਸੋ ਸਰਬ ਸ਼ਕਤੀਸ਼ਾਲੀ ਪ੍ਰਭੂ ਨੂੰ ਧਿਆਉਣਾ ਅਤਿਅੰਤ ਜ਼ਰੂਰੀ ਹੈ । ਜਿਹੜੇ ਪ੍ਰਭੂ ਜੀ ਦਾ ਨਾਮ ਨਹੀਂ ਜਪਦੇ ਉਨ੍ਹਾਂ ਦੀ ਪਤ ਨਹੀਂ ਉਹ ਇਸ ਸੰਸਾਰ ਵਿਚ ਕੂੜਾ ਸੌਦਾ ਕਰਦੇ ਹਨ । ਗੁਰਬਾਣੀ ਅਨੁਸਾਰ :

ਵਿਣ ਨਾਵੈ ਪਤਿ ਗਇਆ ਗਵਾਇ ॥ (ਵਾਰ ਮਾਝ ਮ: ੧)

ਨਾਮ ਜਪਣ ਵਾਲੇ ਨੂੰ ਕਿਸੇ ਦੀ ਮੁਥਾਜ਼ਗੀ ਨਹੀਂ ਰਹਿੰਦੀ । ਪਰਮਾਤਮਾ ਉਸ ਦੇ ਸਾਰੇ ਕਾਰਜ ਰਾਸ ਕਰਦਾ ਹੈ । ਗੁਰਬਾਣੀ ਅਨੁਸਾਰ :

ਜਿਨਾ ਅੰਦਰਿ ਨਾਮੁ ਨਿਧਾਨੁ
ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥
ਤਿਨ ਚੂਕੀ ਮੁਹਤਾਜੀ
ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸ ॥

(ਗਉੜੀ ਮ: ੪/੩੦੫)

ਨਾਮ ਜਪਣ ਵਾਲੇ ਦਾ ਸਰੂਪ ਅਤੇ ਵਿਅਕਤਵ ਸਾਹਮਣੇ ਆ ਜਾਂਦਾ ਹੈ । ਉਸ ਦਾ ਜਨਮ ਮਰਨ ਕੱਟਿਆ ਜਾਂਦਾ ਹੈ । ਤ੍ਰਿਸ਼ਨਾ ਮੁਕਤ ਹੋ ਜਾਂਦੀ ਹੈ । ਤਨ ਮਨ ਸ਼ਾਂਤ ਹੋ ਜਾਂਦਾ ਹੈ । ਉਸ ਨੂੰ ਵਾਹਿਗੁਰੂ ਜੀ ਸਾਰੀ ਕੁਦਰਤ ਵਿਚ ਰਮਿਆ ਨਜ਼ਰ ਆਉਂਦਾ ਹੈ । ਗੁਰਬਾਣੀ ਦੇ ਫੁਰਮਾਨ ਅਨੁਸਾਰ :

ਜਾ ਕੈ ਸਿਮਰਣਿ ਹੋਇ ਅਨੰਦਾ
ਬਿਨਸੈ ਜਨਮ ਮਰਨ ਭੈ ਦੁਖੀ ॥
ਚਾਰਿ ਪਦਾਰਥ ਨਵ ਨਿਧਿ ਪਾਵਹਿ
ਬਹੁਰਿ ਨਾ ਤ੍ਰਿਸਨਾ ਭੁਖੀ ॥੧॥
ਜਾ ਕੋ ਨਾਮੁ ਲੇਤਿ ਤੂ ਸੁਖੀ ॥

ਸਾਸਿ ਸਾਸਿ ਧਿਆਵਹੁ
ਠਾਕੁਰ ਕਉ ਮਨ ਤਨ ਜੀਅਰੇ ਮੁਖੀ ॥੧॥ਰਹਾਉ॥
ਸਾਂਤਿ ਪਾਵਹਿ ਹੋਵਹਿ ਮਨ ਸੀਤਲ
ਅਗਨਿ ਨਾ ਅੰਤਰਿ ਧੁਖੀ ॥
ਗੁਰ ਨਾਨਕ ਕਉ ਪ੍ਰਭੂ ਦਿਖਾਇਆ
ਜਲਿ ਥਲਿ ਤ੍ਰਿਭਵਣਿ ਰੁਖੀ ॥ (ਸੋਰਠ ਮ. ੫/੬੧੭)

ਵਾਹਿਗੁਰੂ ਜੀ ਦਾ ਨਾਮ ਇਕ ਜਹਾਜ਼ ਹੈ, ਜਿਸ ਤੇ ਸਵਾਰ ਹੋ ਕੇ ਨਿਰੰਕਾਰ ਜੀ ਦੇ ਦਰ ਦੀ ਪ੍ਰਾਪਤੀ ਹੁੰਦੀ ਹੈ। ਨਿਰੰਕਾਰ ਜੀ ਨਾਲ ਉਸ ਦਾ ਪ੍ਰੀਚੈ ਹੁੰਦਾ ਹੈ ਅਤੇ ਉਹ ਪੂਰਣ ਪ੍ਰਾਪਤ ਕਰਦਾ ਹੈ :

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥
(ਗਉੜੀ ਸੁਖਮਨੀ ਮ. ੫/੨੮੧)

ਨਾਮ ਦੀ ਮਹੱਤਤਾ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਮੁਕਤੀ ਦੇ ਤਿੰਨ ਸਾਧਨ ਪ੍ਰਚਲਤ ਸਨ। ਕਰਮ ਕਾਂਡ, ਉਪਾਸਨਾ ਜਿਸ ਦੇ ਵਿਚ ਹਠ ਯੋਗ ਸ਼ਾਮਲ ਹੈ ਅਤੇ ਗਿਆਨ ਵੀ। ਗੁਰੂ ਸਾਹਿਬ ਜੀ ਕੇ ਇਨ੍ਹਾਂ ਤਿੰਨਾਂ ਸਾਧਨਾਂ ਦਾ ਖੰਡਨ ਕੀਤਾ ਹੈ। ਕਰਮ ਕਾਂਡ ਅਕਸਰ ਪਾਖੰਡੀ ਕਰਦੇ ਸਨ ਅਤੇ ਦੇਵੀ ਦੇਵਤਿਆਂ ਦੀ ਪੂਜਾ ਕਰਨਾ ਸਿਖਾਉਂਦੇ ਸਨ। ਇਨ੍ਹਾਂ ਨਾਲ ਮੁਕਤੀ ਨਹੀਂ ਮਿਲ ਸਕਦੀ ਸੀ, ਜ਼ਿਆਦਾ ਤੋਂ ਜ਼ਿਆਦਾ ਸੁਰਗ ਦਾ ਅਧਿਕਾਰੀ ਬਣਾ ਸਕਦੇ ਸਨ ਜਾਂ ਅੱਛੇ ਜਨਮ ਦਿਲਾ ਸਕਦੇ ਸਨ। ਜੱਗ, ਹੋਮ ਜਾਨਵਰਾਂ ਦੀਆਂ ਕੁਰਬਾਨੀਆਂ, ਦਰਿਆਵਾਂ ਜਾਂ ਸਰੋਵਰਾਂ ਤੇ ਇਸ਼ਨਾਨ ਭੀ ਮੁਕਤੀ ਨਹੀਂ ਦਿਲਾ ਸਕਦੇ, ਬਲਕਿ ਇਹਨਾਂ ਨਾਲ ਹਉਮੈ ਵਧਦੀ ਹੈ। ਜੋਗੀਆਂ ਦੇ ਹਠ ਯੋਗ ਅੱਜ ਕੱਲ੍ਹ ਤਾਂ ਹੋ ਹੀ ਨਹੀਂ ਸਕਦੇ, ਜੇ ਹੋ ਵੀ ਸਕਣ ਤਾਂ ਇਨ੍ਹਾਂ ਤੋਂ ਭੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ, ਹਾਂ ਬਹੁਤ ਘਾਲਨਾ ਘਾਲਨ ਪਿਛੋਂ ਰਿਧੀਆਂ ਸਿਧੀਆਂ ਮਿਲ ਸਕਦੀਆਂ ਹਨ। ਗੁਰੂ ਸਾਹਿਬ ਜੀ ਨੇ ਰਿਧੀਆਂ ਸਿਧੀਆਂ ਨੂੰ 'ਅਵਰਾ ਸਾਧ' ਦੱਸਿਆ ਹੈ। ਇਹ ਤਿਨੋ ਸਾਧਨ ਹਉਮੈ ਪੈਦਾ ਕਰਦੇ ਸਨ, ਪਰ ਹਉਮੈ ਦਾ ਨਾਮ ਨਾਲ ਵੈਰ ਹੈ; ਦੋਵੇਂ ਇਕੋ ਥਾਂ, ਇਕ ਦਿਲ ਵਿਚ ਇਕੱਠੇ ਨਹੀਂ ਰਹਿ ਸਕਦੇ। ਦਿਲ ਵਿਚ ਹਉਮੈ ਧਾਰੀ ਰੱਖਣ ਨਾਲ ਸੇਵਾ ਵੀ ਨਹੀਂ ਹੋ ਸਕਦੀ। ਜੇ ਕਰੋ ਤਦ ਮਨੁ ਅਜਾਇਾਂ ਜਾਂਦਾ ਹੈ ਭਾਵ ਮਨ ਦਾ ਕੀਤਾ ਕੱਤ੍ਰਿਆ ਬਿਰਥਾ ਜਾਂਦਾ ਹੈ :

ਹਉਮੈ ਨਾਵੈ ਨਾਲਿ ਵਿਰੋਧ ਹੈ
ਦੁਇ ਨਾ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾਂ ਮਨੁ ਬਿਰਥਾ ਜਾਇ ॥

(ਵਡਹੰਸ ਮ: ੩/੫੬੦)

ਹਉਮੈ ਹੰਕਾਰ ਵਾਲੇ ਮਨ ਵਿਚ 'ਨਾਮ' ਨਿਵਾਸ ਨਹੀਂ ਹੁੰਦਾ। ਹਉ ਨਵਿਰਤੀ 'ਨਾਮ' ਨਾਲ ਹੁੰਦੀ ਹੈ। 'ਨਾਮ' ਗੁਰੂ ਸੇਵਾ ਤੋਂ ਮਿਲਦਾ ਹੈ। ਗੁਰੂ ਸੇਵਾ ਹੁਕਮ ਮੰਨਣ ਨਾਲ ਹੁੰਦੀ ਹੈ। ਸੋ ਗੁਰੂ ਦਾ ਹੁਕਮ ਮੰਨਕੇ ਵਾਹਿਗੁਰੂ ! ਵਾਹਿਗੁਰੂ ਦਾ ਸਿਮਰਣ ਕਰੋ।

ਆਸਾ ਦੀ ਵਾਰ ਵਿਚ ਵੀ ਗੁਰੂ ਜੀ ਨੇ ਫੁਰਮਾਇਆ ਹੈ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥

(ਮ: ੨/੪੬੬)

ਫਿਰ ਦੱਸਿਆ ਹੈ ਕਿ ਹਉਮੈ ਹੀ ਮੁਕਤੀ ਦੀ ਰੋਕ ਹੈ। ਇਸ ਦਾ ਦਾਰੂ ਸਤਿਗੁਰੂ, ਉਸ ਦੇ ਦੱਸੇ ਦੀ ਕਮਾਈ, ਉਸ ਦੇ ਹੁਕਮ ਕਮਾਉਣ ਦੀ ਘਾਲ ਹਉਮੈ ਨੂੰ ਕੱਟੇਗੀ ਤੇ ਸੱਚੇ ਨਾਮੀ ਦੀ ਪ੍ਰਾਪਤੀ ਹੋਵੇਗੀ।

ਭਾਵ, ਜਿਥੇ 'ਮੈਂ' ਹੋਵੇ ਓਥੇ 'ਤੂੰ' ਨਹੀਂ ਰਹਿ ਸਕਦੀ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਨਾਮ ਅਭਿਆਸ ਨਾਲ ਹੀ ਹਉਮੈ ਦੀ ਨਵਿਰਤੀ ਹੋ ਸਕਦੀ ਹੈ, ਜਿਉਂ ਜਿਉਂ ਪ੍ਰਾਣੀ ਵਾਹਿਗੁਰੂ ਜੀ ਦੀ ਯਾਦ ਭਾਵ 'ਨਾਮ' ਵਿਚ ਜੁੜਦਾ ਹੈ, ਇਸ ਦੀ ਹਉਮੈ ਖ਼ੁਦਗਰਜ਼ੀ ਦੂਰ ਹੁੰਦੀ ਹੈ, ਤੇ ਸਾਰੀ ਸ੍ਰਿਸ਼ਟੀ ਹੀ ਇਸ ਨੂੰ ਆਪਣੀ ਜਾਪਦੀ ਹੈ। ਵਾਹਿਗੁਰੂ ਜੀ ਨਾਲ ਮਿਲਾਪ ਦਾ ਵਸੀਲਾ ਹੀ ਇਹੀ ਹੈ ਕਿ ਉਸ ਦੀ ਯਾਦ ਵਿਚ ਜੁੜੀਏ, ਕਿਉਂਕਿ ਨਾਮ-ਸਿਮਰਨ ਵਿਚ ਜੁੜਿਆਂ ਹੀ ਵਾਹਿਗੁਰੂ ਜੀ ਦੇ ਗੁਣਾਂ ਨਾਲ ਜਾਣ-ਪਛਾਣ ਤੇ ਸਾਂਝ ਬਣਦੀ ਹੈ। ਪਰ ਨਾਮ ਦੀ ਇਹ ਦਾਤਿ ਸਿਰਫ਼ ਗੁਰੂ ਪਾਸੋਂ ਮਿਲਦੀ ਹੈ। ਕੋਈ ਆਪਣੇ ਆਪ ਨੂੰ ਜੋਗੀ ਅਖਵਾਏ ਚਾਹੇ ਸੰਨਿਆਸੀ, ਜੋ ਗੁਰੂ ਦੇ ਸ਼ਬਦ ਵਿਚ ਨਹੀਂ ਜੁੜਿਆ ਉਹ ਮਾਇਆ-ਜਾਲ ਵਿਚ ਹੀ ਫਸਿਆ ਰਿਹਾ :

ਨਾਮੇ ਰਾਤੇ ਹਉਮੈ ਜਾਇ ॥
ਨਾਮਿ ਰਤੇ ਸਚਿ ਰਥੇ ਸਮਾਇ ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥
ਨਾਮਿ ਰਤੇ ਪਾਵਹਿ ਮੋਖ ਦੁਆਰੁ ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥
ਨਾਨਕ ਨਾਮਿ ਰਹੇ ਸਦਾ ਸੁਖ ਹੋਇ ॥੩੨॥
ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥
ਜੋਗ ਜੁਗਤਿ ਸਚਿ ਰਹੈ ਸਮਾਇ ॥
ਬਾਰਹ ਮਹਿ ਜੋਗੀ ਭਰਮਾਏ, ਸੰਨਿਆਸੀ ਛਿਅ ਚਾਰਿ ॥
ਗੁਰ ਕੈ ਸਬਦਿ ਜੋ ਮਰਿ ਜੀਵੈ, ਸੋ ਪਾਏ ਮੋਖ ਦੁਆਰੁ ॥
ਬਿਨੁ ਸਬਦੈ ਸਭਿ ਦੂਜੈ ਲਾਗੇ, ਦੇਖਹੁ ਰਿਦੈ ਬੀਚਾਰਿ ॥

(ਸਿਧ ਗੋਸਟਿ ਮ. ੧/੯੪੧)

ਸੋ ਸਪੱਸ਼ਟ ਹੈ ਗੁਰਮਤਿ ਅਨੁਸਾਰ ਸਭ ਤੋਂ ਵੱਡਾ ਤੇ ਮਹਾਨ ਨਿਰਣਾ ਇਹ ਹੈ ਕਿ ਆਤਮਕ ਉੱਨਤੀ ਲਈ ਜਿੰਨੇ ਵੀ ਕਰਮ ਧਰਮ ਨੇਮ ਜਾਂ ਹੋਰ ਕਈ ਪ੍ਰਕਾਰ ਦੇ ਯਤਨ ਜਿਹੜੇ ਮਨੁੱਖਤਾ ਕਰੀ ਜਾ ਰਹੀ ਹੈ, ਉਨ੍ਹਾਂ ਸਾਰਿਆਂ ਵਿਚੋਂ ਉੱਤਮ ਤੇ ਮਹੱਤਵਪੂਰਨ 'ਨਾਮ' ਹੈ। ਨਾਮ ਹੀ ਵਾਹਿਗੁਰੂ ਜੀ ਦੀ ਦਰਗਾਹ ਵਿਚ ਹੋਰ ਸਾਰੇ ਧਰਮਾਂ ਵਿਚੋਂ ਸ਼ਰੇਸ਼ਟ ਅਤੇ ਫ਼ਲਦਾਇਕ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜੀਵਨ ਵਿਚ ਸਫਲਤਾ ਦੇਣ ਵਾਲਾ ਵਾਹਿਗੁਰੂ-ਨਾਮ ਹੀ ਹੈ, ਭਾਵ : ਜੀਵਨ-ਸਫ਼ਲਤਾ ਦੇਣ ਵਾਲਾ ਵਾਹਿਗੁਰੂ-ਨਾਮ ਸਿਮਰਦਿਆਂ ਸਾਰੇ ਜਪ ਤਪ ਤੇ ਅਨੇਕਾਂ ਹੀ ਮਿਥੇ ਹੋਏ ਧਾਰਮਿਕ ਕੰਮ ਵਿਚੇ ਹੀ ਆ ਗਏ ਇਹਨਾਂ ਦੀ ਲੋੜ ਨਹੀਂ ਪੈਂਦੀ। ਸਭਨਾਂ ਤੋਂ ਸਰੇਸ਼ਟ ਨਾਮ-ਸਿਮਰਨ ਹੀ ਹੈ। ਇਸ਼ਨਾਨ ਦਾਨ ਤੇ ਨੇਕ ਕਰਮ ਏਹੋ ਹੈ ਕਿ ਪ੍ਰਭੂ ਦੀ ਦਰਗਾਹ ਤੋਂ ਵਿਸ਼ੇਸ਼ ਵਧੀਆ ਵਸਤੂ 'ਨਾਮ' ਮਿਲੇ :

ਜਾਪ ਤਾਪ ਅਨੇਕ ਕਰਣੀ ਸਫਲ ਸਿਮਰਤ ਨਾਮ ॥

(ਗੂਜਰੀ ਮ. ੫/੫੦੨)

ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥
(ਸੋਰਠਿ ਮ: ੧/੬੩੬)

ਗੁਰਮਤਿ ਦਾ ਦ੍ਰਿਸ਼ਟੀਕੋਣ ਇਹ ਵੀ ਹੈ ਕਿ ਹੋਰ ਸਾਰੇ ਕਰਮ ਧਰਮ ਮਿਲਕੇ ਵੀ 'ਨਾਮ' ਦੀ ਬਰਾਬਰੀ ਨਹੀਂ ਕਰ ਸਕਦੇ। ਜੇ ਕਿਸੇ ਤਰ੍ਹਾਂ ਇਹ ਸੰਭਵ ਹੋ ਵੀ ਸਕੇ ਕਿ ਦੂਜੇ ਸਾਰੇ ਕਰਮਾਂ ਧਰਮਾਂ ਨੂੰ ਨਾਮ ਨਾਲ ਤੋਲਿਆ ਜਾ ਸਕੇ। ਤੱਕੜੀ ਦੇ ਇਕ ਛਾਬੇ ਵਿਚ 'ਨਾਮ' ਪਾਇਆ ਜਾਏ ਅਤੇ ਦੂਜੇ ਛਾਬੇ ਵਿਚ ਦੁਨੀਆਂ ਦੇ ਹੋਰ ਸਾਰੇ ਅਧਿਆਤਮਕ ਕਰਮ ਧਰਮ ਪਾਏ ਜਾਣ ਤਾਂ ਵੀ ਉਹ 'ਨਾਮ' ਤੁਲ ਨਹੀਂ ਹੋ ਸਕਦੇ ਅਰਥਾਤ ਨਾਮ ਨਾਲ ਨਹੀਂ ਤੁਲ ਸਕਦੇ, 'ਨਾਮ' ਦੀ ਬਰਾਬਰੀ ਨਹੀਂ ਕਰ ਸਕਦੇ ਅਤੇ ਨਾਮ ਨੂੰ ਨਹੀਂ ਪੁੱਜ ਸਕਦੇ। ਇਸ ਆਸ਼ੇ ਨੂੰ ਗੁਰਬਾਣੀ ਵਿਚ ਬੜਾ ਸਪੱਸ਼ਟ ਕੀਤਾ ਹੈ, ਉਸ ਤੋਂ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਪੁੰਨ ਦਾਨ ਜਾਂ ਹੋਰ ਅਨੇਕਾਂ ਕਰਨੀਆਂ ਕੁਛ ਭੀ 'ਨਾਮ' ਦੇ ਤੁੱਲ ਜਾਂ ਨਾਮ ਦੇ ਬਰਾਬਰ ਨਹੀਂ ਹੈ :

ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮੁ ਨ ਤੁਲਿ ਨ ਸਮਸਰੇ ॥
(ਵਡਹੰਸ ਮ: ੩/੫੬੬)

ਸਭਿ ਤੀਰਥ ਵਰਤ ਜਗ ਪੁੰਨ ਤੋਲਾਹਾ ॥
ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥
(ਜੈਤਸਰੀ ਮ: ੪/੬੯੯)

ਵਰਤ ਰੱਖਣ ਨਾਲ, ਤਪ ਕਰਨ ਨਾਲ, ਮਨ ਨੂੰ ਏਕਾਗਰ ਕਰਨ ਵਾਸਤੇ ਧੱਕੇ ਨਾਲ ਸਰੀਰ ਨੂੰ ਆਉਖਾ ਕੀਤਿਆਂ ਮਨ ਦੇ ਫੁਰਨਿਆਂ ਨੂੰ ਬਦੋ-ਬਦੀ ਰੋਕਣ ਦੇ ਜਤਨ ਕਰਨ ਨਾਲ ਸਰੀਰ ਹੀ ਦੁਖੀ ਹੁੰਦਾ ਹੈ। ਇਹਨਾਂ ਕਸ਼ਟਾਂ ਦਾ ਮਨ ਉਤੇ ਅਸਰ ਨਹੀਂ ਪੈਂਦਾ। ਹਠ ਨਾਲ ਕੀਤਾ ਹੋਇਆ ਕੋਈ ਭੀ ਕਰਮ ਵਾਹਿਗੁਰੂ ਜੀ ਦਾ ਨਾਮ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦਾ :

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥
ਵਰਤ ਤਪਨੁ ਕਰਿ ਮਨੁ ਨਹੀ ਭੀਜੈ ॥

ਰਾਮ ਨਾਮ ਸਰਿ ਅਵਰੁ ਨ ਪੂਜੈ ॥

(ਰਾਮਕਲੀ ਮ: ੧/੯੦੫)

ਅਨੇਕਾਂ ਕਿਸਮਾਂ ਦੇ ਬੜੇ ਜਤਨ ਕਰੇ, ਪੁੰਨਦਾਨ ਕਰੇ ਤੇ ਬਹੁਤ ਸਾਰਾ ਘਿਉ ਹਵਨ ਕਰੇ, ਆਪਣੇ ਸਰੀਹ ਨੂੰ ਰਤੀ ਰਤੀ ਕਰ ਕੇ ਕਟਾਵੇ ਤੇ ਅੱਗ ਵਿਚ ਸਾੜ ਦੇਵੇ, ਕਈ ਕਿਸਮਾਂ ਦੇ ਵਰਤਾਂ ਦੇ ਬਧੇਜ ਕਰੇ। ਪਰ ਇਹ ਸਾਰੇ ਹੀ ਵਾਹਿਗੁਰੂ ਜੀ ਦੇ ਨਾਮ ਦੀ ਵਿਚਾਰ ਦੇ ਬਰਾਬਰ ਨਹੀਂ ਹੈ, ਗੁਰੂ ਦੁਆਰਾ ਪ੍ਰਾਪਤ ਨਾਮ ਜੋ ਇਕ ਵਾਰ ਜਪੀਏ ਤਾਂ ਪਿਛਲੇ ਕਹੇ ਸਾਰੇ ਕਰਮ ਉਸਦੇ ਤੁੱਲ ਨਹੀਂ ਹਨ :

ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥

(ਗਉੜੀ ਸੁਖਮਨੀ ਮ: ੫/੨੬੫)

ਨਾਮ ਦੇ ਟਾਕਰੇ ਤੇ ਤਪ, ਜੱਗ, ਤੀਰਥ ਇਸ਼ਨਾਨ ਤੇ ਦਾਨ ਇਕ ਹੌਲਾ ਜਿਹਾ ਕੰਮ ਗੁਰਮਤਿ ਦੱਸਦੀ ਹੈ, ਤਿਵੇਂ ਹੀ ਕਿਸੇ ਅਵਤਾਰ ਦੀ ਮੂਰਤੀ ਨੂੰ ਪੂਜਣਾ ਭੀ ਵਾਹਿਗੁਰੂ ਜੀ ਦਾ ਨਾਮ ਸਿਮਰਨ ਦੇ ਟਾਕਰੇ ਤੇ ਇਕ ਬੜਾ ਹੀ ਹੌਲਾ ਕੰਮ ਹੈ। ਜਿਵੇਂ ਕੋਈ ਪ੍ਰਾਣੀ ਕਾਂਸ਼ੀ ਜਾ ਕੇ ਉਲਟਾ ਲਟਕ ਕੇ ਤਪ ਕਰੇ, ਤੀਰਥਾਂ ਤੇ ਸਰੀਰ ਤਿਆਗੇ, ਧੂਣੀਆਂ ਦੀ ਅੱਗ ਵਿਚ ਸੜੇ ਜਾਂ ਯੋਗ-ਅਭਿਆਸ ਆਦਿਕ ਨਾਲ ਸਰੀਰ ਨੂੰ ਚਿਰੰਜੀਵੀ ਵੀ ਕਰ ਲਵੇ, ਜੇ ਕੋਈ ਅਸਮੇਧ ਜੱਗ ਕਰੇ, ਜਾਂ ਸੋਨਾ ਲੁਕਾ ਕੇ ਦਾਨ ਕਰੇ; ਤਾਂ ਭੀ ਇਹ ਸਾਰੇ ਕੰਮ ਵਾਹਿਗੁਰੂ ਜੀ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ। ਕੁੰਭ ਦੇ ਮੇਲੇ ਤੇ ਜੇ ਗੰਗਾ ਜਾਂ ਗੋਦਾਵਰੀ ਤੀਰਥ ਤੇ ਜਾਈਏ, ਕੇਦਾਰ ਤੀਰਥ ਤੇ ਇਸ਼ਨਾਨ ਕਰੀਏ ਜਾਂ ਗੋਮਤੀ ਨਦੀ ਦੇ ਕੰਢੇ ਹਜ਼ਾਰਾਂ ਗਊਆਂ ਦਾ ਦਾਨ ਕਰੀਏ। ਜੇ ਕੋਈ ਕ੍ਰੋੜਾਂ ਵਾਰੀ,

ਤੀਰਥ ਯਾਤਰਾ ਕਰੇ ਜਾਂ ਆਪਣਾ ਸਰੀਰ ਹਿਮਾਲੇ ਪਰਬਤ ਦੀ ਬਰਫ ਵਿਚ ਗਾਲ ਦੇਵੇ ਤਾਂ ਭੀ ਇਹ ਸਾਰੇ ਕੰਮ ਵਾਹਿਗੁਰੂ ਜੀ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ । ਸੋ ਸਦਾ ਵਾਹਿਗੁਰੂ ਜੀ ਦਾ ਨਾਮ ਹੀ ਸਿਮਰਨ ਕਰਨਾ ਚਾਹੀਦਾ ਹੈ :

ਜੇ ਘੋੜੇ ਦਾਨ ਕਰੀਏ, ਹਾਥੀ ਦਾਨ ਕਰੀਏ, ਸੇਲ ਦਾਨ ਕਰੀਏ, ਵਹੁਟੀ ਦਾਨ ਕਰ ਦੇਈਏ, ਆਪਣੀ ਜਿਮੀਂ ਦਾਨ ਕਰ ਦੇਈਏ, ਜੇ ਸਦਾ ਹੀ ਅਜਿਹਾ ਕੋਈ ਨਾ ਕੋਈ ਦਾਨ ਕਰਦੇ ਹੀ ਰਹੀਏ। ਜੇ ਆਪਣਾ ਆਪ ਭੀ ਭੇਟ ਕਰ ਦੇਈਏ, ਜੇ ਆਪਣੇ ਬਰਾਬਰ ਤੋਲ ਕੇ ਸੋਨਾ ਦਾਨ ਕਰੀਏ ਤਾਂ ਭੀ ਇਹ ਸਾਰੇ ਕੰਮ ਵਾਹਿਗੁਰੂ ਜੀ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ :

ਬਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ
ਕਾਇਆ ਕਲਪੁ ਕੀਜੈ ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਉ ਨਾ ਪੂਜੈ ॥੧॥
ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ
ਗੋਮਤੀ ਸਹਸ ਗਊ ਦਾਨੁ ਕੀਜੈ ॥
ਕੋਟਿ ਜਉ ਤੀਰਥ ਕਰੈ ਤਨ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ ॥
ਅਸੁ ਦਾਨੁ ਗਜ ਦਾਨ ਸਿਹਜਾ ਨਾਰੀ ਭੂਮਿਦਾਨ
ਐਸੋ ਦਾਨੁ ਨਿਤ ਨਿਤਹਿ ਕੀਜੈ ॥
ਆਤਮ ਜਉ ਨਿਰਮਾਇਲੁ ਕੀਜੈ
ਆਪੁ ਬਰਾਬਰਿ ਕੰਚਨੁ ਦੀਜੈ
ਰਾਮ ਦਾਨ ਸਰਿ ਤਊ ਨ ਪੂਜੈ ॥

(ਰਾਮਕਲੀ ਨਾਮਦੇਉ ਜੀ/੯੭੩)

ਜੇ ਸਾਰੇ ਤੀਰਥਾਂ ਦੇ ਇਸ਼ਨਾਨ, ਅਨੇਕਾਂ ਵਰਤ, ਜੱਗ ਤੇ ਹੋਰ ਇਹੋ ਜਿਹੇ ਪੁੰਨ-ਦਾਨ ਕੀਤੇ ਜਾਣ, ਪਹਾੜਾ ਦੀਆਂ ਖੁੰਦਰਾਂ ਵਿਚ ਬਰਫ ਵਿਚ

ਗਾਲ ਗਾਲ ਕੇ ਸਰੀਰ ਨਾਸ਼ ਕੀਤਾ ਜਾਏ ਤਾਂ ਭੀ ਇਹਨਾਂ ਸਾਰੇ ਸਾਧਨਾਂ ਵਿਚੋਂ ਕੋਈ ਭੀ ਸਾਧਨ ਵਾਹਿਗੁਰੂ ਜੀ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦਾ। ਵਾਹਿਗੁਰੂ ਜੀ ਦਾ ਨਾਮ ਐਸਾ ਹੈ ਕਿ ਕੋਈ ਭੀ ਤੋਲ ਉਸ ਤੋਲ ਨਹੀਂ ਸਕਦਾ ਉਹ ਮਿਲਦਾ ਹੈ ਗੁਰੂ ਦੀ ਮਤਿ ਤੇ ਤੁਰਿਆਂ :

ਸਭਿ ਤੀਰਤ ਬਰਤ ਜਗੁ ਪੁੰਨ ਕੀਏ
ਹਿਵੈ ਗਾਲਿ ਗਾਲਿ ਤਨੁ ਛੀਜੈ ॥
ਅਤੁਲਾ ਤੋਲੁ ਰਾਮੁ ਨਾਮੁ ਹੈ
ਗੁਰਮਤਿ ਕੋ ਪੂਜੈ ਨ ਤੋਲ ਤੁਲੀਜੈ ॥

(ਕਲਿਆਨ ਮ: ੧/੧੩੨੫)

ਫੇਰ ਇਸ ਸੰਬੰਧ ਵਿਚ ਇਥੋਂ ਤੱਕ ਵੀ ਕਹਿ ਦਿੱਤਾ ਹੈ ਕਿ ਜੇ ਆਪਣੇ ਸਾਰੇ ਸਰੀਰ ਨੂੰ ਕੱਟ ਕੱਟ ਕੇ ਇਕ ਇਕ ਰੱਤੀ ਭਰ ਤੋਲ ਤੋਲ ਕੇ ਅੱਗ ਵਿਚ ਹਵਨ ਕਰ ਦਿੱਤਾ ਜਾਏ, ਜੇ ਆਪਣੇ ਸਰੀਰ ਤੇ ਮਨ ਨੂੰ ਹਵਨ ਦੀ ਸਾਮੱਗਰੀ ਬਣਾ ਕੇ ਤੇ ਹਰ ਰੋਜ ਇਹਨਾਂ ਨੂੰ ਅੱਗ ਵਿਚ ਸਾੜਿਆ ਜਾਵੇ ਜੇ ਇਹੋ ਜੇਹੇ ਹੋਰ ਲੱਖਾਂ ਕ੍ਰੋੜਾਂ ਕਰਮ ਕੀਤੇ ਜਾਣ, ਤਾਂ ਭੀ ਕੋਈ ਕਰਮ ਵਾਹਿਗੁਰੂ ਜੀ ਦੇ ਨਾਮ ਦੀ ਬਰਾਬਰੀ ਤੱਕ ਨਹੀਂ ਪਹੁੰਚ ਸਕਦਾ :

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥
ਤਨੁ ਮਨ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥

(ਸਿਰੀ ਰਾਗੁ ਮ: ੧/੬੨)

ਜੇ ਆਪਣੇ ਸਰੀਰ ਨੂੰ ਆਰੇ ਹੇਠ ਰੱਖ ਕੇ ਉਸ ਨੇ ਦੋ ਟੁਕੜੇ ਵੀ ਕਰਾ ਲਏ ਜਾਣ ਜਾਂ ਸਰੀਰ ਨੂੰ ਪਹਾੜਾਂ ਦੀ ਬਰਫ਼ ਵਿਚ ਗਾਲ ਕੇ ਖ਼ਤਮ ਕਰ ਦਿੱਤਾ ਜਾਏ ਤਾਂ ਵੀ ਅਜਿਹਾ ਕਰਨ ਨਾਲ ਮਨ ਦੇ ਰੋਗ ਨਹੀਂ ਜਾਂਦੇ ਤੇ ਮਨ ਸੋਧਿਆ ਨਹੀਂ ਜਾ ਸਕਦਾ। ਗੁਰੂ ਸਾਹਿਬ ਜੀ ਇਹ ਵੀ ਦੱਸਦੇ ਹਨ ਕਿ ਅਸੀਂ ਬੜੀ ਚੰਗੀ ਤਰ੍ਹਾਂ ਠੋਕ ਵਜਾਕੇ ਦੇਖ ਚੁੱਕੇ ਹਾਂ ਅਤੇ ਅਜਮਾ ਚੁੱਕੇ ਹਾਂ ਕਿ ਦੱਸੇ ਗਏ ਮਹਾਨ ਕਰਮ ਵੀ ਨਾਮ ਦੀ

ਬਰਾਬਰੀ ਨਹੀਂ ਕਰ ਸਕਦੇ :

ਅਰਧ ਸਰੀਰੁ ਕਟਾਈਐ ਸਿਰ ਕਰਵਤੁ ਧਰਾਇ ॥
ਤਨ ਹੈਮੰਚਲ ਗਾਲੀਐ ਭੀ ਮਨ ਤੇ ਰੋਗ ਨ ਜਾਇ ॥
ਹਰ ਨਾਮੇ ਤੁਲਿ ਨਾ ਪੁਜਈ ਸਭ ਡਿਠੀ ਠੋਕ ਵਜਾਇ ॥੩॥
(ਸਿਰੀ ਰਾਗੁ ਮ: ੧/੬੨)

ਗੁਰਮਤਿ ਦਾ ਇਹ ਦ੍ਰਿਸ਼ਟੀਕੋਣ ਵੀ ਬੜਾ ਸਪੱਸ਼ਟ ਹੈ ਕਿ ਦੁਨੀਆਂ ਵਿਚ ਜਿੰਨੇ ਵੀ ਰਾਗ-ਰੰਗ, ਨਾਚ-ਗਾਣੇ, ਮੌਜ ਮੇਲੇ, ਮਾਇਆ ਦੇ ਭੋਗ ਅਤੇ ਐਸ਼ ਇਸ਼ਰਤ ਹਨ, ਨਾਮ ਤੋਂ ਬਿਨਾਂ ਉਹ ਸਾਰੇ ਹੀ ਕੂੜ ਤੇ ਅਕਾਰਥ ਹਨ। ਉਨ੍ਹਾਂ ਦਾ ਆਤਮਕ ਉੱਨਤੀ ਲਈ ਕੋਈ ਲਾਭ ਨਹੀਂ। ਸਗੋਂ ਅੰਤ ਵਿਚ ਦੁੱਖ ਦਾ ਕਾਰਨ ਬਣਦੇ ਹਨ। ਇਸ ਲਈ ਗੁਰਬਾਣੀ ਵਿਚ ਇਨ੍ਹਾਂ ਦਾ ਬਹੁਤ ਖੰਡਨ ਕੀਤਾ ਗਿਆ ਹੈ, ਜਿਵੇਂ ਕਿ ਜੇ ਕੋਈ ਪ੍ਰਾਣੀ ਅਤਰ ਚੰਦਨ ਅਗਰ ਕਪੂਰ ਆਦਿਕ ਸੁਗੰਧੀਆਂ ਦੇ ਵਰਤਣ ਵਿਚ ਮਸਤ ਹੈ, ਮਾਇਆ ਦੇ ਮੋਹ ਵਿਚ ਮਸਤ ਹੈ, ਤਾਂ ਉੱਚੀ ਆਤਮਕ ਅਵਸਥਾ ਉਸ ਤੋਂ ਭੀ ਦੂਰ ਹੈ। ਜੇ ਵਾਹਿਗੁਰੂ ਜੀ ਦਾ ਨਾਮ ਭੁਲਾ ਦਿੱਤਾ ਜਾਏ, ਤਾਂ ਇਹ ਸਾਰਾ ਦੁਨੀਆਂ ਵਾਲਾ ਐਸ਼ ਵੀ ਵਿਅਰਥ ਹੈ ਸੁਖ ਨਹੀਂ ਮਿਲਦਾ, ਜੀਵ ਸੁਖ ਦੇ ਵਿਅਰਥ ਯਤਨਾਂ ਵਿਚ ਹੀ ਰਹਿੰਦਾ ਹੈ :

ਚੋਆ ਚੰਦਨ ਅਗਰ ਕਪੂਰਿ ॥
ਮਾਇਆ ਮਗਨੁ ਪਰਮ ਪਦੁ ਦੂਰਿ ॥
ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥ (ਗਉੜੀ ਮ. ੧/੨੨੬)

ਜੇ ਕਰ ਵੱਸਣ ਲਈ ਮਹਲ-ਮਾੜੀਆਂ ਹੋਣ, ਸੁਖ ਦੇਣ ਵਾਲਾ ਪਲੰਘ ਹੋਵੇ, ਉਸ ਉਤੇ ਮਾਲੀ ਦਿਨ ਰਾਤ ਫੁੱਲ ਵਿਛਾਉਂਦਾ ਰਹੇ, ਫਿਰ ਭੀ ਵਾਹਿਗੁਰੂ ਜੀ ਦਾ ਨਾਮ ਸਿਮਰਨ ਤੋਂ ਬਿਨਾ ਇਹ ਸਰੀਰ ਦੁੱਖਾਂ ਦਾ ਘਰ ਹੀ ਬਣਿਆ ਰਹਿੰਦਾ ਹੈ :

ਦਰ ਘਰ ਮਹਲਾ ਸੇਜ ਸੁਖਾਲੀ ॥
ਅਹਿਨਿਸਿ ਫੂਲ ਬਿਛਾਵੈ ਮਾਲੀ ॥

ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥

(ਗਉੜੀ ਮ: ੧/੨੨੫)

ਮਨਮੁਖਾਂ ਦੇ, ਜੋ ਨਾਮ ਹੀਣੇ ਹਨ, ਗੀਤ ਗਾਉਣੇ ਬੇ-ਅਸਰ ਹਨ ਤੇ ਉਨ੍ਹਾਂ ਦੇ ਪਾਸ ਸੁਣਨੇ ਲਈ ਜਾਣਾ ਨਿਸਫਲ ਹੈ। ਇਹ ਬਾਹਰੋਂ ਤਾਂ ਗੀਤ ਗਾਉਂਦੇ ਹਨ, ਪਰ ਚਿਤ ਵਿਚ ਅਨੀਤੀਆਂ, ਪਾਪ ਵਾਸ਼ਨਾ ਭਰੀਆਂ ਪਈਆਂ ਹਨ। ਇਹ ਲੋਕ ਰਾਗ ਮਾਤਰ ਸੁਣਾ ਕੇ ਆਪਣੇ ਆਪ ਨੂੰ ਗਿਆਨੀ ਕਹਾਉਂਦੇ ਹਨ। ਇਹ ਲੋਕ ਪਾਪ ਵਿਹੂਣੇ ਹਨ, ਇਸ ਕਰਕੇ ਮਨ ਵਿਚ ਝੂਠ ਤੇ ਪਾਪ ਵਾਸ਼ਨਾ ਭਰੀਆਂ ਪਈਆਂ ਹਨ :

ਗਾਵਹਿ ਗੀਤੇ ਚੀਤਿ ਅਨੀਤੇ ॥
ਰਾਗ ਸੁਣਾਇ ਕਹਾਵਹਿ ਬੀਤੇ ॥
ਬਿਨੁ ਨਾਵੈ ਮਨਿ ਝੂਠੁ ਅਨੀਤੇ ॥

(ਆਸਾ ਮ: ੨/੪੨੪)

ਜੋ ਭੀ ਉੱਚੇ ਉੱਚੇ ਮਹਿਲ ਮਾੜੀਆਂ ਤੇ ਸੁੰਦਰ ਇਸਤ੍ਰੀ ਦਾ ਮਾਣ ਕਰਦਾ ਹੈ, ਵਾਹਿਗੁਰੂ ਜੀ ਦਾ ਨਾਮ ਵਿਸਾਰ ਕੇ ਉਹ ਮਨੁੱਖਾ ਜਨਮ ਦੀ ਖੇਡ ਹਾਰ ਰਿਹਾ ਹੈ :

ਉਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨੁ ਬਾਜੀ ਹਾਰੀ ॥੪॥

(ਸੋਰਠਿ ਰਵਿਦਾਸ ਜੀ/੬੫੯)

ਜਗਤ ਦੇ ਕੂੜਾਂ ਚੋਜ ਤਮਾਸ਼ਿਆਂ ਦੇ ਕਾਰਨ ਜੇ ਵਾਹਿਗੁਰੂ ਜੀ ਦਾ ਨਾਮ ਚਿੱਤ ਵਿਚ ਯਾਦ ਨਾ ਰਹੇ, ਤਾਂ ਉਹ ਥਾਂ ਉਜਾੜ ਸਮਝੋ, ਉਹ ਥਾਂ ਭਿਆਨਕ ਨਰਕ ਦੇ ਬਰਾਬਰ ਹੈ :

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥
ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥

(ਜੈਤਸਰੀ ਮ. ੫/੭੦੭)

ਗੁਰਮਤਿ ਵਿਚ ਜਿਵੇਂ ਨਾਮ ਤੋਂ ਬਿਨਾਂ ਮਾਇਆ ਦੇ ਭੋਗਾਂ ਦਾ ਅਤੇ ਉਨ੍ਹਾਂ ਨੂੰ ਭੋਗੀ ਜਾਣ ਵਾਲਿਆਂ ਦਾ ਖੰਡਨ ਕੀਤਾ ਹੈ, ਉਵੇਂ ਹੀ ਜਿਹੜੇ ਵਿਚਾਰੇ ਸਹੀ ਸੋਝੀ ਨਾ ਹੋਣ ਕਰ ਕੇ ਜੰਗਲਾਂ-ਪਹਾੜਾਂ ਵਿਚ ਚਲੇ ਜਾਂਦੇ ਹਨ, ਨੰਗੇ ਰਹਿੰਦੇ ਹਨ, ਕੱਕਰ ਝਾਕਦੇ ਹਨ। ਪਿੰਡੇ ਉਪਰ ਸੁਆਹ ਆਦਿ ਮਲ ਲੈਂਦੇ ਹਨ ਅਤੇ ਆਤਮਕਤਾ ਦੇ ਮਾਰਗ ਤੇ ਅੱਗੇ ਵਧਣ ਲਈ ਹੋਰ ਅਨੇਕ ਤਰ੍ਹਾਂ ਦੇ ਭੇਖ ਅਤੇ ਵੇਸ ਧਾਰਨ ਕਰਦੇ ਹਨ, ਉਨ੍ਹਾਂ ਦਾ ਵੀ ਖੰਡਨ ਕੀਤਾ ਹੈ ਅਤੇ ਬੜੇ ਬੜੇ ਸਪੱਸ਼ਟ ਸ਼ਬਦਾਂ ਵਿਚ ਦੱਸਿਆ ਹੈ ਕਿ ਨਾਮ ਤੋਂ ਬਿਨਾਂ ਅਜਿਹੇ ਕਰਮ-ਧਰਮ ਸਭ ਫੋਕਟ ਅਤੇ ਵਿਅਰਥ ਹਨ :

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥
ਇਕਿ ਨਗਨ ਫਿਰਹਿ ਦਿਨ ਰਾਤਿ ਨੀਂਦ ਨ ਸੋਵਹੀ ॥
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥
ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥

(ਵਾਰ ਮਲਾਰ ਕੀ ਮ. ੧/੧੨੮੪)

ਨਾਮ ਸਿਮਰਨ ਛੱਡ ਕੇ ਜਿਹੜਾ ਆਪਣੇ ਸਰੀਰ ਉੱਤੇ ਗਣੇਸ਼ ਆਦਿਕ ਦੇ ਨਿਸ਼ਾਨ ਬਣਾ ਕੇ ਆਪਣੇ ਧਰਮੀ ਹੋਣ ਦਾ ਵਿਖਾਵਾ ਕਰਦਾ ਹੈ, ਉਹ ਅਸਲ ਵਿਚ ਅੰਦਰੇ ਅੰਦਰ ਮਾਇਆ ਦੀ ਖਾਤਰ ਤਰਲੇ ਲੈ ਲੈ ਕੇ ਸੜਦਾ ਰਹਿੰਦਾ ਹੈ, ਜਿਵੇਂ ਵਿਧਵਾ ਇਸਤ੍ਰੀ ਪਤੀ ਤੋਂ ਬਿਨਾਂ ਸਦਾ ਦੁਖੀ ਰਹਿੰਦੀ ਹੈ। ਸੋ; ਵਾਹਿਗੁਰੂ ਜੀ ਦਾ ਨਾਮ-ਸਿਮਰਨ ਤੋਂ ਬਿਨਾਂ ਹੋਰ ਸਾਰੀ ਵਿਖਾਵੇ ਵਾਲੀ ਧਾਰਮਿਕ ਕ੍ਰਿਆ ਝੂਠਾ ਉੱਦਮ ਹੈ :

ਚਕ੍ਰ ਬਣਾਇ ਕਰੇ ਪਾਖੰਡ ॥
ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥
ਹਰਿ ਕੇ ਨਾਮ ਬਿਨਾ ਸਭ ਝੂਠੁ ॥੧॥ਰਹਾਉ॥ਪ੩॥

(ਭੈਰਉ ਮ. ੫/੧੧੫੧)

ਜੋ ਪ੍ਰਾਣੀ ਵਾਹਿਗੁਰੂ ਜੀ ਦੀ ਸਿਫਤ-ਸਲਾਹ ਦੀ ਬਾਣੀ ਨਹੀਂ ਉਚਾਰਦਾ, ਨਿਰਾ ਮਾਇਆ ਦੇ ਮੋਹ ਦਾ ਖਿਲਾਰਾ ਹੀ ਬਣਾਈ ਬੈਠਾ ਹੈ। ਉਸ ਦੇ ਮਨ ਵਿਚ ਲਾਲਚ ਹੈ, ਭਟਕਣਾ ਹੈ, ਮੂਰਖ ਠੇਡੇ ਖਾਂਦਾ ਫਿਰਦਾ ਹੈ। ਵਾਹਿਗੁਰੂ ਜੀ ਦਾ ਨਾਮ ਨਹੀਂ ਸਿਮਰਦਾ, ਐਸਾ ਮੂਰਖ ਮਾਨੋਂ ਜੂਏ ਵਿਚ ਮਨੁੱਖਾ ਜਨਮ ਦੀ ਬਾਜੀ ਹਾਰ ਜਾਂਦਾ ਹੈ :

ਸਾਹਿਬ ਸਬਦੁ ਨ ਊਚਰੈ ਮਾਇਆ ਮੋਹ ਪਸਾਰੀ ॥
ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥
ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥

(ਸਾਰੰਗ ਕੀ ਵਾਰ ਮ. ੪/੧੨੪੩)

ਪ੍ਰਾਚੀਨ ਧਰਮ ਪੁਸਤਕਾਂ ਅਨੁਸਾਰ ਨਾਮ ਦੀ ਮਹੱਤਤਾ

ਗੁਰਬਾਣੀ ਵਿਚ ਸਾਡਾ ਧਿਆਨ ਪ੍ਰਾਚੀਨ ਪੁਸਤਕਾਂ ਵੱਲ ਵੀ ਬਹੁਤ ਦੁਆਇਆ ਗਿਆ ਹੈ ਅਤੇ ਬੜਾ ਸਪੱਸ਼ਟ ਕਰ ਕੇ ਦੱਸਿਆ ਹੈ ਕਿ ਉਨ੍ਹਾਂ ਪੁਸਤਕਾਂ ਅਨੁਸਾਰ ਵੀ ਆਤਮਕਤਾ ਦੇ ਮਾਰਗ ਤੇ ਅੱਗੇ ਵਧਣ ਲਈ ਕੀਤੇ ਜਾ ਰਹੇ ਸਾਰੇ ਅਧਿਆਤਮਕ ਕਰਮਾਂ ਧਰਮਾਂ ਵਿਚੋਂ ਨਾਮ ਹੀ ਸਭ ਤੋਂ ਸ੍ਰੇਸ਼ਟ ਹੈ। ਜਿਵੇਂ :

ਸਿੰਮ੍ਰਿਤ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥

(ਸੂਹੀ ਮ. ੫/੭੬੧)

ਇਸ ਤੁਕ ਦਾ ਭਾਵ ਬੜਾ ਸੌਖਾ ਅਤੇ ਸਪੱਸ਼ਟ ਹੈ। ਇਸ ਵਿਚ ਦਸਿਆ ਹੈ ਕਿ ਪ੍ਰਾਚੀਨ ਸਮੇਂ ਤੋਂ ਆ ਰਹੇ ਵੇਦ, ਪੁਰਾਣ ਅਤੇ ਸਿਮ੍ਰਤੀਆਂ ਆਦਿ ਧਰਮ-ਗ੍ਰੰਥ ਵੀ ਤਾਂ ਮਨੁੱਖਤਾ ਨੂੰ ਪੁਕਾਰ ਪੁਕਾਰ ਕੇ ਇਹੋ ਕਹਿੰਦੇ ਆ ਰਹੇ ਹਨ ਅਤੇ ਉਨ੍ਹਾਂ ਦਾ ਤੱਤ ਉਪਦੇਸ਼ ਵੀ ਤਾਂ ਇਹੋ ਹੈ ਕਿ ਆਤਮਕਤਾ ਦੇ ਮਾਰਗ ਤੇ ਅੱਗੇ ਵਧਣ ਲਈ ਨਾਮ ਤੋਂ ਬਿਨਾਂ ਹੋਰ ਸਾਰੇ ਕਰਮ ਧਰਮ ਆਦਿ ਕੂੜ ਅਤੇ ਫੋਕਟ ਹਨ, ਸਹੀ ਤੇ ਲਾਭਦਾਇਕ ਨਹੀਂ। ਨਾਮ ਤੋਂ ਬਿਨਾਂ ਹੋਰ ਸਾਰੀਆਂ ਕਥਾ-ਕਹਾਣੀਆਂ, ਚਰਚੇ, ਵਾਦ ਵਿਵਾਦ; ਭਾਸ਼ਨ ਅਤੇ ਨਿਰੇ ਗੱਲਾਂ ਨਾਲ ਕੀਤੇ ਜਾ ਰਹੇ ਪ੍ਰਚਾਰ ਆਦਿ ਸਭ ਤੁਛ ਹਨ ਅਤੇ ਇਨ੍ਹਾਂ ਵਿਚ ਤੱਤ ਵਸਤੂ ਨਹੀਂ। ਤੱਤ ਵਸਤੂ ਅਤੇ ਆਤਮਕ ਪ੍ਰਾਪਤੀ ਨਾਮ ਵਿਚ ਹੈ।

ਉਪਰੋਕਤ ਸਿਧਾਂਤ ਦੀ ਪੁਸ਼ਟੀ ਇਸ ਤਰ੍ਹਾਂ ਦੀ ਕੀਤੀ ਹੈ ਕਿ ਪਹਿਲਾਂ ਤਾਂ ਇਹ ਦੱਸਿਆ ਹੈ ਕਿ ਵੇਦ, ਪੁਰਾਣ ਸਿਮ੍ਰਤੀਆਂ ਅਤੇ ਹੋਰ ਸ਼ਾਸ਼ਤਰ ਆਦਿ ਵੀ ਤਾਂ ਵਾਹਿਗੁਰੂ ਜੀ ਦੀ ਹੋਂਦ ਨੂੰ ਮੰਨਦੇ ਹਨ ਅਤੇ ਉਸ ਬਾਰੇ ਦੱਸਦੇ ਹਨ। ਸੋ ਇਹ ਹੈ :

ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ
ਪਾਰਬ੍ਰਹਮ ਕਾ ਕਰਹਿ ਵਖਿਆਣ (ਗੋਂਡ ਮ. ੫/੮੬੭)
ਬੇਦ ਪੁਰਾਨ ਸਿੰਮ੍ਰਿਤ ਮਹਿ ਦੇਖੁ ॥
ਸਸੀਅਰ ਸੂਰ ਨਖ੍ਹਤ੍ਰ ਮਹਿ ਏਕੁ ॥ (ਸੁਖਮਨੀ ਮ. ੫/੨੯੪)

ਛੇ ਸਾਸਤ੍ਰ ਆਦਿ ਉੱਚੀ ਆਖਦੇ ਹਨ ਕਿ ਉਸ ਸਿਰਜਣਹਾਰ ਦਾ ਨਾ ਅੰਤ ਹੈ ਨਾ ਪਾਰ ਉਰਾਰ ਹੈ :

ਖਟ ਸਾਸਤ੍ਰ ਊਚੌ ਕਹਹਿ ਅੰਤ ਨ ਪਾਰਾਵਾਰ ॥
(ਗਉੜੀ ਥਿਤੀ ਮ. ੫/੨੯੭)

ਫੇਰ ਗੁਰਬਾਣੀ ਵਿਚ ਜਿਥੇ ਇਹ ਕਿਹਾ ਹੈ ਕਿ ਪ੍ਰਾਚੀਨ ਧਰਮ ਗ੍ਰੰਥ ਅਰਥਾਤ ਵੇਦ ਸ਼ਾਸਤਰ ਆਦਿ ਵੀ ਵਾਹਿਗੁਰੂ ਜੀ ਦੀ ਹੋਂਦ ਨੂੰ ਮੰਨਦੇ ਹਨ, ਉਥੇ ਇਹ ਵੀ ਕਿਹਾ ਹੈ ਕਿ ਉਹ ਵੀ ਤਾਂ ਵਾਹਿਗੁਰੂ ਜੀ ਦੀ ਹੋਂਦ ਨੂੰ ਮੰਨਦੇ ਹਨ, ਉਥੇ ਇਹ ਵੀ ਕਿਹਾ ਹੈ ਕਿ ਉਹ ਵੀ ਤਾਂ ਵਾਹਿਗੁਰੂ ਜੀ ਦਾ ਨਾਮ ਹੀ ਸਭ ਤੋਂ ਉੱਤਮ ਦੱਸਦੇ ਹਨ ਅਤੇ ਉਸ ਦਾ ਨਾਮ ਦ੍ਰਿੜ੍ਹ ਕਰ ਕੇ, ਉਸ ਦੇ ਨਾਮ ਦੁਆਰਾ ਮੁਕਤੀ ਦੀ ਪ੍ਰਾਪਤੀ ਕਰਨ ਦੀ ਹੀ ਸਿਖਿਆ ਦਿੰਦੇ ਹਨ। ਸੋ ਇਹ ਹੈ :

ਸਾਸਤ੍ਰ ਸਿਮ੍ਰਿਤਿ ਨਾਮ ਦ੍ਰਿੜਾਮੰ ॥
ਗੁਰਮੁਖਿ ਸਾਂਤਿ ਊਤਮ ਕਰਾਮੰ ॥
(ਬਿਲਾਵਲੁ ਮ. ੧/੮੩੧)

ਨਾਮ ਜਪਹੁ ਨਾਮੇ ਗਤਿ ਪਾਵਹੁ
ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਾਈਆ ॥
(ਬਿਲਾਵਲੁ ਮ. ੪/੮੩੪)

ਹੇਠਾਂ ਲਿਖੀਆਂ ਤੁਕਾਂ ਵਿਚ ਇਹ ਵੀ ਬੜਾ ਸਪੱਸ਼ਟ ਕਰਕੇ

ਦਸਿਆ ਹੈ ਕਿ ਵੇਦਾਂ ਸ਼ਾਸਤਰਾਂ ਅਤੇ ਸਿਮ੍ਰਤੀਆਂ ਆਦਿ ਧਰਮ-ਪੁਸ-ਤਕਾਂ ਅਨੁਸਾਰ ਵੀ ਜਾਂ ਮੁਕਤੀ ਨਾਮ ਨਾਲ ਹੀ ਹੁੰਦੀ ਹੈ :

ਹਉ ਅਨਦਿਨੁ ਨਾਮੁ ਲਈ ਕਰਤਾਰੇ ॥
ਜਿਨਿ ਸੇਵਕ ਭਗਤ ਸਭੇ ਨਿਸਤਾਰੇ ॥
ਦਸ ਅਠ ਚਾਰਿ ਵੇਦ ਸਭਿ ਪੂਛਹੁ
ਜਨ ਨਾਨਕ ਨਾਮੁ ਛਡਾਈ ਜੀਉ ॥ (ਮਾਰੂ ਮ. ੪/੯੯੮)

ਗੁਰੂ ਜੀ ਆਖਦੇ ਹਨ ਕਿ ਚਾਰੇ ਵੇਦ ਸੁਣ ਕੇ ਇਹ ਤਤੁ ਵੀਚਾਰ ਨਿਰਣੈ ਕੀਤਾ ਹੈ ਕਿ ਵਾਹਿਗੁਰੂ ਜੀ ਦੇ ਨਾਮ ਦਾ ਜਪਣਾ ਸਾਰ ਵਸਤੂ ਸਭ ਤੋਂ ਕੀਮਤੀ ਸ਼ੈ ਹੈ ਕਿ ਜੋ ਸਾਰੇ ਸੁਖਾਂ ਮੁਕਤੀ ਤੇ ਨਿਧੀਆਂ ਦਾ ਦਾਤਾ ਹੈ :

ਚਤੁਰਥਿ ਚਾਰੇ ਬੇਦ ਸੁਨਿ ਸੋਧਿਓ ਤਤੁ ਬੀਚਾਰੁ ॥
ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥
(ਗਉੜੀ ਥਿਤੀ ਮ. ੫/੨੯੭)

ਵੇਦ ਸ਼ਾਸਤ੍ਰ ਕਈ ਵਾਰੀ ਸੋਧ ਸੋਧ ਕੇ ਵੇਖ ਲਏ ਹਨ, ਨਾਰਦ ਆਦਿਕ ਰਿਸ਼ੀ ਮੁਨੀ ਭੀ ਜੀਵਨ ਜੁਗਤਿ ਬਾਰੇ ਜੋ ਬਚਨ ਜ਼ੋਰ ਦੇ ਕੇ ਕਹਿ ਗਏ ਹਨ ਉਹ ਭੀ ਸੋਧ ਵੇਖੇ ਹਨ, ਪਰ ਅਸਲ ਗੱਲ ਇਹ ਹੈ ਕਿ ਹੇ ਭਾਈ ! ਵਾਹਿਗੁਰੂ ਜੀ ਜਾ ਨਾਮ ਸਿਮਰਨਾ ਸਿੱਖੋਗੇ ਤਦੋਂ ਹੀ ਉੱਚੀ ਆਤਮਕ ਅਵਸਥਾ ਪ੍ਰਾਪਤ ਕਰੋਗੇ, ਗੁਰੂ ਜੀ ਨੇ ਸਾਧ ਸੰਗਤਿ ਵਿਚ ਹੀ ਅਨੇਕਾਂ ਜੀਵ ਸੰਸਾਰ-ਸਮੁੰਦਰ ਤੋਂ ਪਾਰ ਲੰਘਾਏ ਹਨ :

ਸਾਸਤ੍ਰ ਬੇਦ ਸੋਧਿ ਸੋਧਿ ਦੇਖੇ
ਮੁਨਿ ਨਾਰਦ ਬਚਨ ਪੁਕਾਰੇ ॥
ਰਾਮੁ ਨਾਮੁ ਪੜਹੁ ਗਤਿ ਪਾਵਹੁ
ਸਤ ਸੰਗਤਿ ਗੁਰਿ ਨਿਸਤਾਰੇ ॥ (ਨਟ ਮ. ੪/੯੮੩)

ਹਿੰਦੂ ਰਿਸ਼ੀਆਂ ਦੇ ਲਿਖੇ ਹੋਏ ਧਾਰਮਕ ਪੁਸਤਕ ਜੋ ਉਨ੍ਹਾਂ ਨੇ ਵੇਦਾਂ ਜਾਂ ਵੱਡਿਆਂ ਦੇ ਵਾਕਾਂ ਨੂੰ ਚੇਤੇ ਕਰਕੇ ਹਿੰਦੂ ਸਮਾਜ ਦੀ ਅਗ-ਵਾਈ ਲਈ ਲਿਖੇ । ਇਹ ੨੭ ਦੇ ਕਰੀਬ ਹਨ । ਭਾਵ ਹਿੰਦੂ ਫਲਸਫੇ

ਦੇ ਗ੍ਰੰਥ ਜੋ ਗਿਣਤੀ ਵਿਚ ਛੀ ਹਨ (ਸਾਂਖ, ਪਤੰਜਲ ਜਾਂ ਜੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ, ਵੇਦਾਤ) ਅਤੇ ਵੇਦ ਵਿਚਾਰ ਕੇ ਵੇਖ ਲਏ ਹਨ। ਗੁਰੂ ਜੀ ਦੀ ਸ਼ਰਨ ਪੈ ਕੇ ਵਾਹਿਗੁਰੂ ਜੀ ਦਾ ਨਾਮ ਹੀ ਸਿਮਰਨਾ ਚਾਹੀਦਾ ਹੈ, ਇਹ ਹਰਿ-ਨਾਮ ਦੀ ਰਾਹੀ ਗੁਰੂ ਪਾਰ ਲੰਘਾਂਦਾ ਹੈ :

ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥
ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥

(ਬਿਲਾਵਲੁ ਮ. ੫/੮੦੪)

ਵੇਦ, ਪੁਰਾਨ, ਸਿਮ੍ਰਿਤੀਆਂ ਸਾਰੇ ਖੋਜ ਵੇਖੇ ਹਨ ਵਾਹਿਗੁਰੂ ਜੀ ਦੇ ਨਾਮ ਦੀ ਓਟ ਤੋਂ ਬਿਨਾਂ ਹੋਰ ਕਿਤੇ ਭੀ ਜਨਮ ਮਰਨ ਦੇ ਗੇੜ ਤੋਂ ਬਚਾਓ ਨਹੀਂ ਮਿਲਦਾ, ਕਬੀਰ ਜੀ ਆਖਦੇ ਹਨ ਮੈਂ ਤਾਂ ਪਰਮਾਤਮਾ ਦਾ ਨਾਮ ਸਿਮਰਦਾ ਹਾਂ,ਪ੍ਰਭੂ ਦਾ ਨਾਮ ਹੀ ਜਨਮ ਮਰਨ ਮਿਟਾਉਂਦਾ ਹੈ :

ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਉਬਰਨਾ ॥
ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥

(ਆਸਾ ਕਬੀਰ ਜੀ/੪੭੭)

ਪਰ ਗੁਰਬਾਣੀ ਵਿਚ ਹੀ ਉਪਰੋਕਤ ਸਿਧਾਂਤ ਦਾ ਦੂਜਾ ਪਾਸਾ ਵੀ ਬੜਾ ਸਪੱਸ਼ਟ ਕਰਕੇ ਦੱਸਿਆ ਹੈ ਕਿ ਪ੍ਰਾਚੀਨ ਧਰਮ ਪੁਸਤਕਾਂ ਅਨੁਸਾਰ ਵੀ ਪ੍ਰਾਣੀ ਦੀ ਮੁਕਤੀ ਨਾਮ ਤੋਂ, ਬਿਨਾਂ ਨਹੀਂ ਹੋ ਸਕਦੀ। ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਜੇ ਤੁਹਾਨੂੰ ਗੁਆਹੀ ਦੀ ਲੋੜ ਹੈ ਤਾਂ ਤੁਸਾਂ ਵਿਚੋਂ ਕੋਈ ਸ਼ਾਸਤ੍ਰਾਂ ਤੇ ਸਿੰਮ੍ਰਤੀਆਂ ਨੂੰ ਪੜਤਾਲ ਕੇ ਦੇਖ ਲਵੋ, ਉਹ ਵੀ ਦੱਸਣਗੀਆਂ ਕਿ ਨਾਮ ਤੋਂ ਬਿਨਾਂ ਕੋਈ ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦਾ :

ਸਾਸਤ ਸਿੰਮ੍ਰਿਤ ਸੋਧਿ ਦੇਖਹੁ ਕੋਇ ॥
ਵਿਣੁ ਨਾਵੈ ਕੋ ਮੁਕਤਿ ਨ ਹੋਇ ॥ (ਗਉੜੀ ਮ. ੩/੨੨੯)

ਗੁਰੂ ਅਰਜਨ ਦੇਵ ਜੀ ਸਾਹਿਬ ਫੁਰਮਾਉਂਦੇ ਹਨ ਕਿ ਅਸਾਂ ਵੇਦ ਸਿੰਮ੍ਰਤੀਆਂ ਤੇ ਸ਼ਾਸਤ੍ਰ ਭੀ ਵਿਚਾਰੇ ਹਨ ਉਨ੍ਹਾਂ ਵਿਚ ਭੀ ਮਹਾਂ ਪੁਰਖਾਂ ਨੇ ਇਉਂ ਆਖਿਆ ਹੈ ਕਿ ਵਾਹਿਗੁਰੂ ਜੀ ਦੇ ਭਜਨ ਕੀਤੇ ਤੋਂ ਬਿਨਾਂ ਜੀਵ

ਦਾ ਭਵਜਲ ਤੋਂ ਤਰ ਨਿਕਲਨਾ ਨਹੀਂ ਹੋ ਸਕਦਾ, ਹਾਂ ਹਰੀ ਭਜਨ ਤੋਂ ਬਿਨਾਂ ਕਦੇ ਕਿਸੇ ਨੇ ਸੁਖ ਨਹੀਂ ਪਾਇਆ :

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ
ਮਹਾਂ ਪੁਰਖਨ ਇਉ ਕਹਿਆ ॥
ਬਿਨੁ ਹਰਿ ਭਜਨ ਨਾਹੀ ਨਿਸਤਾਰਾ
ਸੂਖੁ ਨ ਕਿਨਹੂੰ ਲਹਿਆ ॥੧॥ (ਗਉੜੀ ਮ. ੫/੨੧੫)

ਬ੍ਰਾਹਮਣ ਲੋਕ ਅਸ਼ਟਾਧਿਆਈ ਆਦਿਕ ਗ੍ਰੰਥ ਰਚ ਕੇ ਉਹਨਾਂ ਅਨੁਸਾਰ ਪੁਰਾਣਾਂ ਨੂੰ ਵਿਚਾਰਦੇ ਹਨ ਤੇ ਵੇਦਾਂ ਦਾ ਅਭਿਆਸ ਕਰਦੇ ਹਨ, ਬੱਸ ! ਇਤਨੇ ਨੂੰ ਸ੍ਰੇਸ਼ਟ ਧਰਮ ਕਰਮ ਮੰਨੀ ਬੈਠੇ ਹਨ। ਗੁਰੂ ਜੀ ਆਖਦੇ ਹਨ ਕਿ ਵਾਹਿਗੁਰੂ ਜੀ ਦਾ ਨਾਮ ਜਪਣ ਤੋਂ ਬਿਨਾਂ ਵਿਕਾਰਾਂ ਤੋਂ ਖਲਾਸੀ ਨਹੀਂ ਹੋ ਸਕਦੀ। ਇਸ ਵਾਸਤੇ ਸਿਮਰਨ ਹੀ ਸਭ ਤੋਂ ਸ੍ਰੇਸ਼ਟ ਧਰਮ-ਕਰਮ ਹੈ :

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕ ਦਾਸੁ ॥
(ਧਨਾਸਰੀ ਮ. ੧/੬੬੩)

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਵੇਦਾਂ ਤੇ ਸ਼ਾਸਤਰਾਂ ਆਦਿ ਧਰਮ ਪੁਸਤਕਾਂ ਅਨੁਸਾਰ ਵੀ ਪ੍ਰਾਣੀ ਦੀ ਮੁਕਤੀ ਨਾਮ ਨਾਲ ਜਾਂ ਨਾਮ ਦੁਆਰਾ ਹੀ ਹੁੰਦੀ ਹੈ ਤੇ ਨਾਮ ਤੋਂ ਬਿਨਾਂ ਉਸ ਦੀ ਮੁਕਤੀ ਨਹੀਂ ਹੋ ਸਕਦੀ। ਇਸੇ ਤੱਤ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਮਨੁੱਖਤਾ ਨੂੰ ਸੰਖੇਪ ਜਿਹਾ ਇਸ਼ਾਰਾ ਕਰ ਦਿੱਤਾ : ਜਦੋਂ ਉਨ੍ਹਾਂ ਨੇ ਕਿਹਾ :

ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥
(ਗਉੜੀ ਮ. ੯/੨੨੦)

ਵੇਦ ਅਤੇ ਪੁਰਾਣ ਆਦਿ ਧਰਮ ਗ੍ਰੰਥਾਂ ਦੇ ਪੜ੍ਹਨ ਦਾ ਸਹੀ ਮਹਾਤਮ ਤੇ ਆਤਮਕ ਲਾਭ ਵੀ ਤਾਂ ਇਹੀ ਹੈ ਕਿ ਪ੍ਰਾਣੀ ਉਨ੍ਹਾਂ ਵਿਚੋਂ ਤੱਤ ਉਪਦੇਸ਼ ਗ੍ਰਹਿਣ ਕਰੇ ਅਤੇ ਵਾਹਿਗੁਰੂ ਜੀ ਦਾ ਨਾਮ ਸਿਮਰੇ।

ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਲੋਕ ਧਰਮ ਗ੍ਰੰਥਾਂ ਨੂੰ ਪੜ੍ਹਦੇ

ਤਾਂ ਜ਼ਰੂਰ ਹਨ, ਪਰ ਉਨ੍ਹਾਂ ਵਿਚ ਦਿੱਤੇ ਉਪਦੇਸ਼ ਨੂੰ ਮੰਨ ਕੇ ਗ੍ਰਹਿਣ ਨਹੀਂ ਕਰਦੇ ਅਤੇ ਉਸ ਤੇ ਅਮਲ ਨਹੀਂ ਕਰਦੇ। ਸੋ ਉਨ੍ਹਾਂ ਨੂੰ ਵਾਹਿ-ਗੁਰੂ ਜੀ ਦੀ ਸੋਝੀ ਜਾਂ ਬ੍ਰਹਮ-ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸੇ ਲਈ ਗੁਰੂ ਜੀ ਆਖਦੇ ਹਨ ਕਿ ਚਾਰ ਵੇਦ ਪੁਕਾਰ ਪੁਕਾਰ ਕੇ ਆਖ ਰਹੇ ਹਨ ਕਿ ਸਭ ਜੀਵਾਂ ਵਿਚ ਰੱਬੀ ਜੋਤਿ-ਰੂਪ ਸੁੰਦਰ ਕਿੰਗੁਰੀ ਹਰ ਥਾਂ ਵੱਜ ਰਹੀ ਹੈ ਪਰ ਤੂੰ ਯਕੀਨ ਨਹੀਂ ਕਰਦਾ, ਛੇ ਸ਼ਾਸਤਰ ਭੀ ਇਹੀ ਗੱਲ ਬਿਆਨ ਕਰ ਰਹੇ ਹਨ। ਅਠਾਰਾਂ ਪੁਰਾਣਾਂ ਨੇ ਮਿਲ ਕੇ ਭੀ ਇਹੋ ਬਚਨ ਆਖਿਆ ਹੈ ਕਿ ਹਰੇਕ ਹਿਰਦੇ ਵਿਚ ਵੱਜ ਰਹੀ ਸੋਹਣੀ ਕਿੰਗ ਦਾ ਭੇਤ ਤੂੰ ਨਹੀਂ ਸਮਝਿਆ :

ਚਾਰਿ ਪੁਕਾਰਹਿ ਨਾ ਤੂੰ ਮਾਨਹਿ ॥
ਖਟੁ ਭੀ ਏਕਾ ਬਾਤ ਵਖਾਨਹਿ ॥
ਦਸ ਅਸਟੀ ਮਿਲਿ ਏਕੋ ਕਹਿਆ ॥
ਤਾ ਭੀ ਜੋਗੀ ਭੇਦੁ ਨ ਲਹਿਆ ॥

(ਰਾਮਕਲੀ ਮ. ੫/੮੮੬)

ਜਿਹੜਾ ਬੰਦਾ ਮਾਇਆ ਦੀ ਭਟਕਣਾ ਵਿਚ ਪੈ ਕੇ ਜੀਵਨ-ਰਾਹ ਤੋਂ ਖੁੰਝਿਆ ਜਾ ਰਿਹਾ ਹੈ, ਉਹੀ ਜਗਤ ਵਿਚ ਚਤੁਰ ਤੇ ਸਿਆਣਾ ਮੰਨਿਆ ਜਾਂਦਾ ਹੈ। ਪੜ੍ਹਦੇ ਹਨ ਮਾਇਆ ਕਮਾਣ ਵਾਲੀ ਮੂਰਖਾਂ ਦੀ ਵਿਦਿਆ, ਪਰ ਆਪਣਾ ਨਾਮ ਸਦਾਉਂਦੇ ਹਨ। 'ਪੰਡਿਤ'। ਇਹ ਪੰਡਿਤ ਵਾਹਿਗੁਰੂ ਜੀ ਦਾ ਨਾਮ ਭੁਲਾ ਦਿੰਦੇ ਹਨ ਤੇ ਆਪਣੇ ਵਲੋਂ ਵੇਦ ਆਦਿਕ ਧਰਮ ਪੁਸਤਕਾਂ ਨੂੰ ਸੰਭਾਲ ਰਹੇ ਹਨ, ਇਹ ਵਿਦਵਾਨ ਆਤਮਕ ਜੀਵਨ ਦੀ ਮੌਤ ਲਿਆਉਣ ਵਾਲੀ ਮਾਇਆ ਦੇ ਜ਼ਹਰ ਵਿਚ ਭੁੱਲੇ ਪਏ ਹਨ :–

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ
ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ
ਬਿਖੁ ਭੂਲੇ ਲੇਖਾਰੀ ॥ (ਮਾਰੂ ਮ. ੧/੧੦੧੫)

ਇਸ ਵਾਕ ਵਿਚ ਦੱਸਿਆ ਹੈ ਕਿ ਬੜੇ ਚਤਰ, ਸਿਆਣੇ ਤੇ ਪੜ੍ਹੇ ਲਿਖੇ ਲੋਕ ਵੀ, ਜਿਹੜੇ ਆਪਣੇ ਆਪ ਨੂੰ ਪੰਡਿਤ ਅਖਵਾਉਂਦੇ ਹਨ; ਉਹ ਨਾਮ ਵਾਲੀ ਗੱਲ ਨੂੰ ਜਿਹੜੀ ਉਪਦੇਸ਼ ਦਾ ਸਾਰ ਹੈ, ਵਿਸਾਰ ਦਿੰਦੇ ਹਨ। ਅਜਿਹੇ ਲੋਕ ਭੁੱਲ ਵਿਚ ਹਨ ਤੇ ਗਲਤ ਰਸਤੇ ਤੇ ਪਏ ਹੋਏ ਹਨ।

ਜਿਹੜੇ ਲੋਕ ਧਰਮ ਗ੍ਰੰਥਾਂ ਵਿਚ ਦਿੱਤੇ ਹੋਏ ਤੱਤ-ਉਪਦੇਸ਼ ਨਹੀਂ ਮੰਨਦੇ, ਉਨ੍ਹਾਂ ਬਾਰੇ ਦੱਸਿਆ ਹੈ ਕਿ ਉਹ ਆਤਮਕਤਾ ਵਲੋਂ ਠੱਗੇ ਜਾ ਰਹੇ ਹਨ ਧੋਖਾ ਖਾ ਰਹੇ ਹਨ ਅਤੇ ਭੁਲੇਖੇ ਦਾ ਸ਼ਿਕਾਰ ਹੋਏ ਆਤਮਕ ਲਾਭ ਤੋਂ ਵਾਂਜੇ ਰਹੇ ਹਨ। ਇਸੇ ਲਈ ਕਿਹਾ ਹੈ :

ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥

(ਮਾਰੂ ਮ. ੧/੧੦੧੨)

ਗੁਰਬਾਣੀ ਵਿਚ ਇਹ ਵੀ ਬੜਾ ਸਪੱਸ਼ਟ ਕਰ ਕੇ ਦੱਸਿਆ ਹੈ ਕਿ ਜਿਹੜੇ ਭਗਵਾਨ ਵੇਦਾਂ ਸ਼ਾਸਤਰਾਂ ਆਦਿ ਧਰਮ ਪੁਸਤਕਾਂ ਨੂੰ ਪੜ੍ਹ ਕੇ ਉਨ੍ਹਾਂ ਨੂੰ ਵਿਚਾਰਦੇ ਹਨ ਅਤੇ ਵਾਹਿਗੁਰੂ ਜੀ ਦੇ ਨਾਮ ਨੂੰ ਮਨ ਵਿਚ ਵਸਾਉਂਦੇ ਹਨ, ਉਨ੍ਹਾਂ ਦੀ ਆਪਣੀ ਮੁਕਤੀ ਵੀ ਹੋ ਜਾਂਦੀ ਹੈ ਅਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀਆਂ ਸਾਰੀਆਂ ਕੁਲਾਂ ਦਾ ਵੀ ਉਧਾਰ ਹੋ ਜਾਂਦਾ ਹੈ :

ਬੇਦ ਪੁਰਾਣ ਸਾਸਤ੍ਰ ਬੀਚਾਰੰ ॥
ਏਕੰਕਾਰ ਨਾਮ ਉਰ ਧਾਰੰ ॥
ਕੁਲਹ ਸਮੂਹ ਸਗਲ ਉਧਾਰੰ ॥
ਬਡ ਭਾਗੀ ਨਾਨਕ ਕੋ ਤਾਰੰ ॥ (ਗਾਥਾ ਮ. ੫/੧੩੬੧)

ਭਾਵ-ਧਰਮ-ਪੁਸਤਕ ਦੇ ਪੜ੍ਹਨ ਤੋਂ ਅਸਲ ਲਾਭ ਇਹੀ ਮਿਲਣਾ ਚਾਹੀਦਾ ਹੈ ਕਿ ਪ੍ਰਾਣੀ ਵਾਹਿਗੁਰੂ ਜੀ ਦਾ ਨਾਮ ਸਿਮਰੇ।

ਇਸੇ ਸੰਬੰਧ ਵਿਚ ਹੁਣ ਹੇਠਾਂ ਲਿਖੀਆਂ ਤੁਕਾਂ ਵੱਲ ਧਿਆਨ ਦੇਈਏ ਜਿਨ੍ਹਾਂ ਵਿਚ ਬੜਾ ਸਪਸ਼ਟ ਕਰਕੇ ਦਸਿਆ ਹੈ ਕਿ ਜਿਹੜੇ ਭੱਦਰ-ਪੁਰਸ਼ ਗ੍ਰੰਥਾਂ ਨੂੰ ਪੜ੍ਹਦੇ ਵੀ ਹਨ, ਉਨ੍ਹਾਂ ਦਾ ਪਾਠ ਆਦਿ ਵੀ ਕਰਦੇ ਹਨ। ਪਰ ਉਹ ਤੱਤ-ਉਪਦੇਸ਼, ਭਾਵ ਨਾਮ ਨੂੰ ਗ੍ਰਹਿਣ ਨਹੀਂ

ਕਰਦੇ, ਉਨ੍ਹਾਂ ਨੂੰ ਨਾ ਤਾਂ ਮੁਕਤੀ ਦੀ ਪ੍ਰਾਪਤੀ ਹੀ ਹੁੰਦੀ ਹੈ ਅਤੇ ਨਾ ਹੀ ਹੋਰ ਆਤਮਕ ਲਾਭ ਪ੍ਰਾਪਤ ਹੁੰਦੇ ਹਨ। ਉਨ੍ਹਾਂ ਦੀ ਹਾਲਤ ਉਸ ਗਧੇ ਵਰਗੀ ਹੈ ਜਿਹੜਾ ਆਪਣੀ ਪਿੱਠ ਤੇ ਚੰਦਨ ਦਾ ਭਾਰ ਚੁੱਕ ਕੇ ਲਈ ਜਾ ਰਿਹਾ ਹੈ :

ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀਂ ਜਾਨੀ ਕੈਸੇ ਉਤਰਸਿ ਪਾਰਾ ॥
(ਮਾਰੂ ਬਾਣੀ ਕਬੀਰ ਜੀ/੧੧੦੩)

ਜਿਹੜਾ ਪ੍ਰਾਣੀ ਗੁਰੂ ਜੀ ਦੀ ਸ਼ਰਨ ਤੋਂ ਵਾਂਜਿਆ ਰਹਿ ਕੇ ਵੇਦ ਆਦਿਕ ਹੀ ਪੜ੍ਹਦਾ ਹੈ, ਤੇ, ਹਰ ਵੇਲੇ ਚਰਚਾ ਆਦਿਕ ਹੀ ਕਰਦਾ ਹੈ, ਵਾਹਿਗੁਰੂ ਜੀ ਦਾ ਨਾਮ ਸਿਮਰਦਾ ਨਹੀਂ ਉਹ ਆਤਮਕ ਮੌਤ ਦੇ ਬੰਧਨਾਂ ਵਿਚ ਬੱਝਾ ਰਹਿੰਦਾ ਹੈ। ਹੋਰ ਹੋਰ ਪਿਆਰ ਵਿਚ ਫਸ ਕੇ ਉਹ ਸਦਾ ਦੁੱਖ ਪਾਉਂਦਾ ਹੈ। ਮਾਇਆ ਦੇ ਤਿੰਨ ਗੁਣਾਂ ਦੀ ਭਟਕਣਾ ਵਿਚ ਪੈ ਕੇ ਉਹ ਜੀਵਨ ਦੇ ਗਲਤ ਰਸਤੇ ਪਿਆ ਰਹਿੰਦਾ ਹੈ :

ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥
ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ
ਗੁਣ ਭਰਮਿ ਭੁਲਾਇਦਾ ॥ (ਮਾਰੂ ਸੋਲਹੇ ਮ. ੩/੧੦੬੬)

ਜੋ ਪ੍ਰਾਣੀ ਵੇਦ ਆਦਿਕ ਧਰਮ-ਪੁਸਤਕਾਂ ਨੂੰ ਜੀਵਨ ਦੀ ਅਗਵਾਈ ਵਾਸਤੇ ਨਹੀਂ ਵਿਚਾਰਦਾ, ਅਰਥ ਅਤੇ ਕਰਮ ਕਾਂਡ ਦੀ ਬਹਿਸ ਨੂੰ ਹੀ ਪੜ੍ਹਦਾ ਹੈ ਇਸ ਤਰ੍ਹਾਂ ਸੰਸਾਰ ਸਮੁੰਦਰ ਦੀਆਂ ਵਿਕਾਰ-ਲਹਿਰਾਂ ਵਿਚ ਡੁੱਬਾ ਰਹਿੰਦਾ ਹੈ, ਜਿਹੜਾ ਜੀਵ ਆਪ ਡੁਬਿਆ ਰਹੇ ਉਹ ਆਪਣੇ ਬੀਤ ਚੁੱਕੇ ਬਜ਼ੁਰਗਾਂ ਨੂੰ ਸੰਸਾਰ ਸਮੁੰਦਰ ਵਿਚੋਂ ਕਿਵੇਂ ਪਾਰ ਲੰਘਾ ਸਕਦਾ ਹੈ :

ਵਾਚੈ ਵਾਦੁ ਨ ਬੇਦੁ ਬੀਚਾਰੈ ॥
ਆਪਿ ਡੁਬੈ ਕਿਉਂ ਪਿਤਰਾ ਤਾਰੈ ॥
(ਰਾਮਕਲੀ ਮ. ੧/੯੦੪)

ਜਿਹੜੇ ਲੋਕ ਵੇਦ ਆਦਿਕ ਧਰਮ-ਪੁਸਤਕ ਪੜ੍ਹਦੇ ਹਨ, ਪਰਜੇ ਉਹ ਵਾਹਿਗੁਰੂ ਜੀ ਦੇ ਨਾਮ ਨੂੰ ਜੀਵਨ-ਮਨੋਰਥ ਨਹੀਂ ਸਮਝਦੇ, ਤਾਂ ਉਹ ਮਾਇਆ ਕਮਾਉਣ ਵਾਸਤੇ ਹੀ ਵੇਦ ਆਦਿਕ ਧਰਮ-ਪੁਸਤਕਾਂ ਨੂੰ ਪੜ੍ਹ ਪੜ੍ਹ ਕੇ ਮਾਇਆ ਦੇ ਘੱਟ ਚੜ੍ਹਾਵੇ ਤੇ ਅੰਦਰੇ ਅੰਦਰ ਖਿਝਦੇ ਹਨ। ਹਾਂ ਜਿਸ ਪ੍ਰਾਣੀ ਦੇ ਅੰਦਰ ਮਾਇਆ ਦੇ ਮੋਹ ਦੀ ਮੈਲ ਹੈ ਉਹ ਵੇਦ-ਪਾਠੀ ਪੰਡਿਤ ਭੀ ਹੋਵੇ, ਤਾਂ ਭੀ ਉਹ ਅੰਨ੍ਹਾ ਬੇ-ਸਮਝ ਹੈ, ਇਸ ਤਰ੍ਹਾਂ ਇਹ ਦੁੱਤਰ ਸੰਸਾਰ-ਸਮੁੰਦਰ ਤਰਿਆ ਨਹੀਂ ਜਾ ਸਕਦਾ :

ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰ ਮੈਲੁ ਅਗਿਆਨੀ ਅੰਧਾ
ਕਿਉ ਕਰਿ ਦੁਤਰੁ ਤਰੀਜੈ ਹੇ ॥ (ਮਾਰੂ ਮ: ੩/੧੦੫੦)

ਪਰ ਅੱਜ ਦੀ ਮਨੁੱਖਤਾ ਕਿਧਰ ਨੂੰ ਜਾ ਰਹੀ ਹੈ। ਇਸ ਬਾਰੇ ਗੁਰੂ ਜੀ ਨੇ ਦੱਸਿਆ ਹੈ :

ਮਾਇਆ ਕੀ ਕੀਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗ ਨ ਪਛਾਨੈ ॥
(ਆਸਾ ਮ. ੫/੩੯੧)

ਇਸ ਦਾ ਭਾਵ ਇਹ ਹੈ ਕਿ ਮਨੁੱਖ ਨੇ ਦਸਾਂ ਨੌਹਾਂ ਦੀ ਕਿਰਤ ਕਰ ਕੇ ਗੁਜਾਰੇ ਲਈ ਮਾਇਆ ਕਮਾਉਣੀ ਛੱਡ ਦਿੱਤੀ। ਬਹੁਤਿਆਂ ਨੇ ਗ੍ਰਿਹਸਥ ਨੂੰ ਤਿਆਗ ਕੇ ਭਗਵੇ ਕੱਪੜੇ ਪਾ ਲਏ ਅਤੇ ਦੁਨੀਆਂ ਹੀ ਛੱਡ ਦਿੱਤੀ। ਪਰ ਭਗਤੀ ਜਾਂ ਆਤਮਕਤਾ ਵਾਲੇ ਪਾਸੇ ਨੂੰ ਠੀਕ ਤਰ੍ਹਾਂ ਨਾ ਸਮਝਿਆ। ਹੁਣ ਉਹੀ ਮਨੁੱਖ ਵੇਦਾਂ ਸ਼ਾਸਤਰਾਂ ਆਦਿ ਧਰਮ ਗ੍ਰੰਥਾਂ ਨੂੰ ਪੜ੍ਹਨ ਸੁਣਨ ਅਤੇ ਉਨ੍ਹਾਂ ਚੋਂ ਤੱਤ ਗ੍ਰਹਿਣ ਕਰਨ ਨੂੰ ਵੀ ਛੱਡੀ ਜਾ ਰਿਹਾ ਹੈ। ਪਰ ਅਫਸੋਸ ਹੈ ਕਿ ਉਹ ਵਾਹਿਗੁਰੂ ਜੀ ਦੇ ਮਿਲਾਪ (ਤਤੁ ਜੋਗ) ਦੀ ਸਹੀ ਵਿਧੀ ਨੂੰ ਵੀ ਨਹੀਂ ਸਮਝਿਆ।

ਪ੍ਰਾਣੀ ਦੀ ਇਹ ਦਸ਼ਾ ਕਿਉਂ ਹੁੰਦੀ ਜਾ ਰਹੀ ਹੈ ਅਤੇ ਉਹ ਸਿੱਧਾ-ਪੱਧਰਾ ਤੇ ਸੌਖਾ ਰਸਤਾ ਛੱਡ ਕੇ ਕੁਰਾਹੇ ਕਿਉਂ ਪੈਂਦਾ ਜਾ ਰਿਹਾ

ਹੈ ? ਇਸ ਦਾ ਕਾਰਨ ਗੁਰੂ ਜੀ ਨੇ ਇਹ ਦੱਸਿਆ ਹੈ :

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ,
ਫਿਰੇ ਜਿਉ ਬੇਤਾਲਿਆ ॥ (ਅਨੰਦ ਮ. ੩/੯੧੯)

ਉਪਰੋਕਤ ਤੁਕ ਵਿਚ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਵੇਦਾਂ ਅਤੇ ਸ਼ਾਸਤਰਾਂ ਆਦਿ ਪ੍ਰਾਚੀਨ ਧਰਮ ਪੁਸਤਕਾਂ ਵਿਚ ਵੀ ਤਾਂ ਤੱਤ ਸਿਖਿਆ ਇਹੀ ਹੈ ਕਿ ਸਾਰੇ ਕਰਮਾਂ ਧਰਮਾਂ ਵਿਚੋਂ ਉੱਤਮ ਤੇ ਸ੍ਰੇਸ਼ਟ ਵਾਹਿਗੁਰੂ ਜੀ ਦਾ ਨਾਮ ਹੀ ਹੈ। ਪਰ ਮਨੁੱਖ ਇਸ ਸਿਖਿਆ ਨੂੰ ਨਾ ਤਾਂ ਸੁਣਦਾ ਹੈ ਅਤੇ ਨਾ ਹੀ ਸਮਝਣ ਦਾ ਯਤਨ ਕਰਦਾ ਹੈ। ਸਿੱਟਾ ਇਹ ਹੈ ਕਿ ਬਉਰਾ ਹੋਇਆ ਉਹ ਡਾਵਾਂਡੋਲ ਫਿਰਦਾ ਹੈ ਅਤੇ ਕੁਰਾਹੇ ਪਿਆ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡ ਵਿਚ ਫਸ ਕੇ ਦੁਰਲੱਭ ਮਨੁੱਖਾ ਜਨਮ ਦਾ ਅਮੋਲਕ ਸਮਾਂ ਨਸ਼ਟ ਕਰੀ ਜਾ ਰਿਹਾ ਹੈ।

ਕਰਮ-ਕਾਂਡਾਂ ਵਿਚੋਂ ਮੁਕਤੀ ਲੱਭਣ ਵਾਲੀ ਮਨੁੱਖਤਾ ਨੂੰ ਸਿੱਧੇ ਰਸਤੇ ਤੇ ਪਾਉਣ ਲਈ ਗੁਰਮਤਿ ਵਿਚ ਬੜਾ ਸਪੱਸ਼ਟ ਕਰਕੇ ਦਸਿਆ ਹੈ, ਜਿਤਨੇ ਤੀਰਥ-ਇਸ਼ਨਾਨ ਆਦਿਕ ਮਿਥੇ ਹੋਏ ਧਾਰਮਿਕ ਕੰਮ ਵਿਖਾਵੇ ਦੇ ਕੰਮ ਹਨ, ਇਹ ਕੰਮ ਜਿਤਨੇ ਭੀ ਲੋਕ ਕਰਦੇ ਦਿਸਦੇ ਹਨ ਉਨ੍ਹਾਂ ਨੂੰ ਮਸੂਲੀਆ ਜਮ ਲੁੱਟ ਲੈਂਦਾ ਹੈ :

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥ (ਸੂਹੀ ਮ. ੫/੭੪੭)

ਆਤਮਕਤਾ ਅਤੇ ਮੁਕਤੀ ਦੀ ਪ੍ਰਾਪਤੀ ਲਈ ਕਰਮ-ਕਾਂਡ ਦੀ ਨਿਸਫਲਤਾ ਗੁਰਬਾਣੀ ਵਿਚ ਬਹੁਤ ਥਾਵਾਂ ਤੇ ਦੱਸੀ ਹੈ। ਪਰ ਇਹ ਵਿਚਾਰ ਬਹੁਤ ਲੰਬੀ ਹੋਣ ਕਰਕੇ ਵਿਸਥਾਰ ਸਹਿਤ ਇਥੇ ਨਹੀਂ ਕੀਤੀ ਜਾ ਸਕਦੀ। ਹਾਂ ਇਸ ਦਾ ਸੰਖੇਪ ਜਿਹਾ ਵਰਣਨ ਇਥੇ ਕਰ ਦੇਣਾ ਯੋਗ ਜਾਪਦਾ ਹੈ।

ਪੁਰਾਤਨ ਸਮੇਂ ਵਿਚ ਵੀ ਬਹੁਤ ਲੋਕੀਂ ਆਤਮਕਤਾ ਦੇ ਰਸਤੇ ਤੇ ਅੱਗੇ ਵਧਣ ਲਈ ਅਤੇ ਖਾਸ ਕਰ ਕੇ ਮੁਕਤੀ ਦੀ ਪ੍ਰਾਪਤੀ ਲਈ ਭਾਂਤ ਭਾਂਤ ਦੇ ਸਰੀਰ ਨੂੰ ਦੁਖ ਦੇਣ ਵਾਲੇ ਕਰਤੱਵ ਕਰਨ ਲੱਗ ਪਏ

ਸਨ। ਇਹੋ ਹਾਲ ਅੱਜ ਵੀ ਬਹੁਤ ਸਾਰੇ ਲੋਕਾਂ ਦਾ ਹੈ । ਕੋਈ ਅੰਨ ਖਾਣਾ ਛੱਡੀ ਬੈਠਾ ਹੈ, ਕੋਈ ਵਸਤਰ ਤਿਆਗ ਕੇ ਨੰਗੇ ਪਿੰਡੇ ਤੇ ਭਸਮ ਰਮਾਈ ਬੈਠਾ ਹੈ। ਕੋਈ ਇਕ ਲੱਤ ਭਾਰ ਖੜਾ ਹੈ। ਕੋਈ ਧੂਣੀ ਤਾਈ ਬੈਠਾ ਹੈ ਅਤੇ ਕੋਈ ਕੰਡਿਆਂ ਉਪਰ ਲੇਟਿਆ ਹੋਇਆ ਮੁਕਤੀ ਨੂੰ ਉਡੀਕ ਰਿਹਾ ਹੈ। ਗੁਰਮਤਿ ਵਿਚ ਬੜਾ ਸਪੱਸ਼ਟ ਕਰਕੇ ਦੱਸਿਆ ਹੈ ਕਿ ਇਸ ਤਰ੍ਹਾਂ ਸਰੀਰ ਨੂੰ ਦੁਖ ਦੇਣ ਦਾ ਕੋਈ ਆਤਮਕ ਲਾਭ ਨਹੀਂ, ਕਿਉਂਕਿ ਮੁਕਤੀ ਦੀ ਪ੍ਰਾਪਤੀ ਨਾਮ ਤੋਂ ਬਿਨਾਂ ਕਿਸੇ ਵੀ ਹੋਰ ਸਾਧਨ ਨਾਲ ਨਹੀਂ ਹੋ ਸਕਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :

ਇਕ ਨਗਨ ਫਿਰਹਿ ਦਿਨ ਰਾਤਿ ਨੀਦ ਨ ਸੋਵਹੀ ॥
ਇਕਿ ਅਗਨ ਜਲਾਵਹਿ ਅੰਗੁ ਆਪੁ ਵਿਗੋਵਹੀ ॥
ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥

(ਵਾਰ ਮਲਾਰ ਕੀ ਮ. ੧/੧੨੮੫)

ਵਿਕਾਰਾਂ ਤੋਂ ਅਤੇ ਵਿਕਾਰਾਂ ਤੋਂ ਪੈਦਾ ਹੋਏ ਦੁੱਖਾਂ ਤੋਂ ਖਲਾਸੀ ਕੋਈ ਪ੍ਰਾਣੀ ਵਾਹਿਗੁਰੂ ਜੀ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾਂ ਨਹੀਂ ਪ੍ਰਾਪਤ ਕਰ ਸਕਦਾ, ਇਹ ਖਲਾਸੀ ਗੁਰੂ ਦੀ ਸ਼ਰਨ ਪੈ ਕੇ ਵਾਹਿਗੁਰੂ ਨਾਮ ਵਿਚ ਜੁੜਿਆਂ ਹੀ ਮਿਲਦੀ ਹੈ। ਜੇ ਪ੍ਰਾਣੀ ਵਾਹਿਗੁਰੂ ਜੀ ਦਾ ਸਿਮਰਨ ਨਹੀਂ ਕਰਦਾ ਤਾਂ ਜੱਗ ਹਵਨ ਪੁੰਨ-ਦਾਨ, ਤਪ ਪੂਜਾ ਆਦਿਕ ਕਰਮ ਕੀਤਿਆਂ ਸ਼ਰੀਰ ਫਿਰ ਭੀ ਦੁਖੀ ਹੀ ਰਹਿੰਦਾ ਹੈ, ਦੁੱਖ ਹੀ ਸਹਾਰਦਾ ਹੈ :

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਮ ਦੂਖ ਸਹੈ ॥
ਰਾਮ ਨਾਮ ਬਿਨ ਮੁਕਤਿ ਨ ਪਾਵਸਿ
ਮੁਕਤਿ ਨਾਮ ਗੁਰਮੁਖਿ ਲਹੈ ॥ (ਭੈਰਉ ਮ. ੧/੧੧੨੭)

ਅਨੇਕਾਂ ਬੰਦੇ ਜਗਤ ਤਿਆਗ ਕੇ ਤੀਰਥਾਂ ਉੱਤੇ ਇਸ਼ਨਾਨ ਕਰਦੇ ਹਨ, ਤੇ ਅੰਨ੍ਹ ਨਹੀਂ ਖਾਂਦੇ, ਦੁਧਾਧਾਰੀ ਬਣਦੇ ਹਨ। ਅਨੇਕਾਂ ਬੰਦੇ ਤਿਆਗੀ ਬਣ ਕੇ ਅੱਗ ਬਾਲਦੇ ਹਨ, ਧੂਣੀਆਂ ਤਾਪਦੇ ਹਨ ਤੇ ਆਪਣੇ ਸਰੀਰ ਨੂੰ ਤਪਾ ਕਸ਼ਟ ਦਿੰਦੇ ਹਨ ਪਰ ਵਾਹਿਗੁਰੂ ਜੀ ਦਾ

ਨਾਮ ਸਿਮਰਨ ਤੋਂ ਬਿਨਾਂ ਮਾਇਆ ਦੇ ਬੰਧਨਾਂ ਤੋਂ ਖਲਾਸੀ ਨਹੀਂ ਮਿਲਦੀ। ਸਿਮਰਨ ਤੋਂ ਬਿਨਾ ਹੋਰ ਕਿਸੇ ਤਰੀਕੇ ਨਾਲ ਕੋਈ ਪ੍ਰਾਣੀ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦਾ :

ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥
ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ
ਕਿਤੁ ਬਿਧਿ ਪਾਰਿ ਲੰਘਾਈਹੇ॥(ਮਾਰੂ ਸੋਲਹੇ ਮ.੧/੧੦੨੪)

ਪਰ ਜਿਵੇਂ ਕਈ ਲੋਕ ਸਰੀਰ ਨੂੰ ਦੁਖ ਦੇ ਕੇ ਆਤਮਕਤਾ ਨੂੰ ਲੱਭ ਰਹੇ ਹਨ, ਉਂਵੇਂ ਹੀ ਕਈ ਭੱਦਰ ਪੁਰਸ਼ ਗੰਦਗੀ ਵਿਚ ਹੀ ਆਤ-ਮਕਤਾ ਦਾ ਵਾਸਾ ਸਮਝੀ ਬੈਠੇ ਹਨ। ਉਨ੍ਹਾਂ ਦੇ ਕਰਤਵ ਹਨ–ਗੰਦੇ ਬਣੇ ਰਹਿਣਾ, ਸੁਆਹ ਤੇ ਮਿੱਟੀ ਸਿਰ ਵਿਚ ਪਾਉਣੀ ਅਤੇ ਪਿੰਡੇ ਤੇ ਮਲਣੀ, ਗੰਦੀਆਂ-ਮੰਦੀਆਂ ਵਸਤੂਆਂ ਖਾਣੀਆਂ। ਪਾਟੇ ਹੋਏ ਤੇ ਲੀਰਾਂ ਲਮਕਦੀਆਂ ਜਾਂ ਟਾਕੀਆਂ ਲਾ ਕੇ ਸੀਤੇ ਹੋਏ ਕੱਪੜੇ ਪਾਉਣੇ। ਗੁਰ-ਮਤਿ ਨੇ ਅਜਿਹੀ ਗੰਦੀ ਰਹਿਣੀ ਬਹਿਣੀ ਦਾ ਤੇ ਇਸ ਨਾਲ ਆਤ-ਮਕਤਾ ਦੇ ਸੰਬੰਧ ਵਾਲੇ ਭੁਲੇਖੇ ਦਾ ਵੀ ਬਹੁਤ ਖੰਡਨ ਕੀਤਾ ਹੈ ਅਤੇ ਦਸਿਆ ਹੈ ਕਿ ਆਤਮਕ ਉੱਨਤੀ ਲਈ ਨਾਮ-ਸਿਮਰਨ ਤੋਂ ਬਿਨਾਂ ਅਜਿਹੇ ਸਭ ਕਰਮ ਅਕਾਰਥ ਅਤੇ ਨਿਸਫ਼ਲ ਹਨ ਤੇ ਅਜਿਹੀ ਕਰਨੀ ਨਾਲ ਆਤਮਕਤਾ ਦਾ ਰਤੀ ਭਰ ਸੰਬੰਧ ਨਹੀਂ। ਇਸ ਨਾਲ ਆਤਮਕ ਉਨਤੀ ਕਦੀ ਪ੍ਰਾਪਤ ਨਹੀਂ ਹੋ ਸਕਦੀ। ਅਜਿਹੀ ਰਹਿਣੀ-ਬਹਿਣੀ ਬਾਰੇ ਗੁਰਬਾਣੀ ਵਿਚ ਇਹ ਦਸਿਆ ਹੈ :

ਅਲੁਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੇ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
(ਵਾਰ ਆਸਾ ਮ: ੧/੪੬੭)

ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥ ...

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥

(ਵਾਰ ਮਲਾਰ ਕੀ ਮ: ੧/੧੨੮੪)

ਪੁੰਨ-ਦਾਨ ਬਾਰੇ ਵੀ ਲੋਕੀ ਬਹੁਤ ਸਾਰੇ ਭੁਲੇਖਿਆਂ ਵਿਚ ਪੈ ਚੁੱਕੇ ਹਨ ਅਤੇ ਬਹੁਤ ਸਾਰੇ ਭੁਲੇਖੇ ਦਾਨ ਲੈਣ ਵਾਲਿਆਂ ਨੇ ਵੀ ਪਾ ਦਿੱਤੇ ਹਨ। ਉਂਜ ਪੁੰਨ-ਦਾਨ ਚੰਗੇ ਕਰਮ ਹਨ ਅਤੇ ਸਮਾਜ ਵਿਚ ਇਨ੍ਹਾਂ ਦੀ ਲੋੜ ਵੀ ਹੈ ਪਰ ਦਾਨ ਵੀ ਕਿਸੇ ਲੋੜਵੰਦ ਨੂੰ ਦੇਣਾ ਹੀ ਯੋਗ ਹੈ। ਇਉਂ ਜਾਪਦਾ ਹੈ ਕਿ ਕਿਸੇ ਸਮੇਂ ਲੋਕਾਂ ਵਿਚ ਅਜਿਹਾ ਖਿਆਲ ਪ੍ਰਚਲਿਤ ਕਰ ਦਿੱਤਾ ਗਿਆ ਹੈ ਕਿ ਮੁਕਤੀ ਵੀ ਪੁੰਨ-ਦਾਨ ਨਾਲ ਜਾਣ ਵਾਲੀ ਕੋਈ ਵਸਤੂ ਹੈ। ਸੋ ਪੁੰਨ-ਦਾਨ ਦੀ ਲਹਿਰ ਨੇ ਬਹੁਤ ਜ਼ੋਰ ਫੜਿਆ। ਲੋਕਾਂ ਨੇ ਨਕਦ ਮਾਇਆ ਤੋਂ ਛੁਟ ਹਾਥੀ, ਘੋੜੇ ਤੇ ਗਊਆਂ ਆਦਿ ਦਾਨ ਕਰਕੇ, ਭੂਮੀ ਦਾਨ ਕਰਨੀ, ਵਧੇਰੇ ਧਨਾਢ ਲੋਕਾਂ ਅਤੇ ਰਾਜੇ-ਮਹਾਰਾਜਿਆਂ ਆਦਿ ਨੇ ਆਪਣੇ ਬਰਾਬਰ ਤੋਲ ਕੇ ਸੋਨਾ ਦਾਨ ਕਰਨਾ ਅਤੇ ਕਈਆਂ ਨੇ ਤਾਂ ਆਪਣੀਆਂ ਤੀਵੀਆਂ ਵੀ ਦਾਨ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਅੱਜ ਕੱਲ ਵੀ ਪੁੰਨ-ਦਾਨ ਦਾ ਕਾਫ਼ੀ ਰਿਵਾਜ਼ ਹੈ। ਸਗੋਂ ਪਾਪ ਦੀ ਖੱਟੀ ਵਾਲੇ ਤਾਂ ਅੱਜ ਕੱਲ ਮਹਾਂਦਾਨੀ ਅਖਵਾਉਂਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਇਸ ਤਰ੍ਹਾਂ ਧਰਮ ਅਰਥ ਹਿੱਸਾ ਕੱਢ ਦੇਣ ਨਾਲ ਬਾਕੀ ਦੀ ਮਾਇਆ ਪਵਿੱਤਰ, ਸ਼ੁੱਧ ਤੇ ਵਰਤਣ ਯੋਗ ਹੋ ਜਾਏਗੀ। ਕਈ ਲੋਕ ਪਾਪਾਂ ਸਦਕਾ ਉਤਪਨ ਹੋਈ ਮਨ ਦੀ ਅਸ਼ਾਂਤੀ ਨੂੰ ਪੁੰਨ-ਦਾਨ ਨਾਲ ਦੂਰ ਕਰ ਕੇ ਮਨ ਨੂੰ ਸ਼ਾਂਤੀ ਵਿਚ ਲਿਆਉਣਾ ਚਾਹੁੰਦੇ ਹਨ ਅਤੇ ਕਈ ਪੁੰਨ-ਦਾਨ ਨਾਲ ਮੁਕਤੀ ਖਰੀਦਣਾ ਚਾਹੁੰਦੇ ਹਨ। ਪਰ ਪੁੰਨ-ਦਾਨ ਭਾਵੇਂ ਕਿੰਨੇ ਵੀ ਚੰਗੇ ਕਿਉਂ ਨਾ ਹੋਣ, ਗੁਰਮਤਿ ਅਨੁਸਾਰ ਇਨ੍ਹਾਂ ਦੁਆਰਾ ਪ੍ਰਾਣੀ ਨੂੰ ਮੁਕਤੀ ਦੀ ਪ੍ਰਾਪਤੀ ਕਦੀ ਵੀ ਨਹੀਂ ਹੋ ਸਕਦੀ। ਇਸੇ ਲਈ ਗੁਰਬਾਣੀ ਵਿਚ ਬੜਾ ਸਪੱਸ਼ਟ ਕਰਕੇ ਕਿਹਾ ਹੈ :

ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥

(ਸਲੋਕ ਮ: ੩/੧੪੧੪)

ਪੁੰਨ ਦਾਨੁ ਕਰਨ ਵਾਲਿਆਂ ਦੀ ਮੁਕਤੀ ਦੀ ਪ੍ਰਾਪਤੀ ਕਿਉਂ

ਨਹੀਂ ਹੁੰਦੀ ? ਇਸ ਦਾ ਕਾਰਨ ਹੇਠ ਲਿਖੀ ਤੁਕ ਵਿਚ ਦਸਿਆ ਹੈ :

ਪਾਪਿ ਪੁੰਨਿ ਜਗੁ ਜਾਇਆ ਭਾਈ
ਬਿਨਸੈ ਨਾਮੁ ਵਿਸਾਰੀ ॥ (ਸੋਰਠਿ ਮ: ੫/੬੩੫)

ਇਸ ਤੁਕ ਦਾ ਭਾਵ ਇਹ ਹੈ ਕਿ ਪ੍ਰਾਣੀ ਪੁੰਨ ਅਤੇ ਪਾਪ ਕਰਕੇ ਹੀ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਪਰ ਜੇ ਉਹ ਪ੍ਰਾਣੀ ਜਨਮ ਵਿਚ ਨਾਮ ਨੂੰ ਨਾ ਵਿਸਾਰੇ ਤਾਂ ਉਹ ਮੁਕਤ ਹੋ ਕੇ ਸਦੀਵੀ ਜੀਵਨ ਦੀ ਪ੍ਰਾਪਤੀ ਕਰ ਲਵੇ। ਇਸ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਾਪਾਂ ਵਾਂਗ ਹੀ ਪੁੰਨ ਦਾਨ ਮਨੁੱਖਤਾ ਲਈ ਮੁੜ ਕੇ ਜਨਮ ਲੈਣ ਦਾ ਕਾਰਨ ਬਣੀ ਜਾਂਦੇ ਹਨ ਕਿਉਂਕਿ ਪਾਪ ਤੇ ਪੁੰਨ ਬਾਰੇ ਗੁਰਬਾਣੀ ਵਿਚ ਇਹ ਵੀ ਦਸਿਆ ਹੈ :

ਪਾਪੁ ਪੁੰਨ ਬੀਜ ਕੀ ਪੋਟ ॥ (ਗਉੜੀ ਮ: ੧/੧੫੨)

ਮਨੁੱਖ ਪਾਪ ਤੇ ਪੁੰਨ ਕਰਦਾ ਹੋਇਆ ਇਨ੍ਹਾਂ ਦੇ ਬੋਝ ਦੀ ਗੰਢ ਭਾਵ ਪੋਟਲੀ ਵਾਂਗ ਆਪਣੇ ਸਿਰ ਤੇ ਚੁੱਕੀ ਜਾਂਦਾ ਹੈ। ਇਹ ਬੀਜ ਅਵੱਸ਼ ਉੱਗਦਾ ਹੈ ਅਤੇ ਇਸ ਖੇਤੀ ਵੱਢਣ ਲਈ ਜਾਂ ਆਪਣੇ ਕੀਤੇ ਕਰਮਾਂ ਦਾ ਫ਼ਲ ਭੁਗਤਣ ਲਈ ਜੀਵ ਨੂੰ ਜ਼ਰੂਰ ਜਨਮ ਲੈਣਾ ਪੈਂਦਾ ਹੈ। ਵੇਦ ਵੀ ਇਹ ਆਖਦੇ ਹਨ ਕਿ ਪਾਪ ਪੁੰਨ ਨਰਕ ਸੁਰਗ ਦਾ ਕਾਰਨ ਹਨ :

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥
(ਸਾਰੰਗ ਵਾਰ ਮ: ੧/੧੨੪੩)

ਇਸ ਸਰੀਰ ਵਿਚ ਪਾਪ ਪੁੰਨ ਦੋ ਭਰਾ ਰਹਿੰਦੇ ਹਨ, ਇਨ੍ਹਾਂ ਦੋਹਾਂ ਨੇ ਮਿਲ ਕੇ ਸ਼੍ਰਿਸ਼ਟੀ ਪੈਦਾ ਕੀਤੀ ਹੈ :

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥
ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥ (ਮਾਝ ਮ: ੩/੭੨੬)

ਪੁੰਨ ਦਾਨ ਵੀ ਕਰਮ ਕਾਂਡ ਵਿਚ ਹੀ ਆ ਜਾਂਦੇ ਹਨ ਅਤੇ ਆਤਮਕਤਾ ਦੇ ਰਸਤੇ ਤੇ ਅੱਗੇ ਵਧਣ ਲਈ ਅਤੇ ਮੁਕਤੀ ਦੀ ਪ੍ਰਾਪਤੀ ਲਈ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :

ਕਿਛ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਜਮਸਰੇ ॥
(ਵਡਹੰਸ ਮ: ੧/੫੬੬)

ਨਾਮ ਦੇ ਮੁਕਾਬਲੇ ਤੇ ਕਰਮ-ਕਾਂਡ ਦੀ ਨਿਸਫਲਤਾ ਵਾਲੇ ਸਿਧਾਂਤ ਨੂੰ ਹੋਰ ਵਧੇਰੇ ਸਪੱਸ਼ਟ ਕਰਨ ਲਈ ਮਨੁੱਖਤਾ ਦਾ ਧਿਆਨ ਫੇਰ ਪੁਰਾਤਨ ਧਾਰਮਿਕ ਗ੍ਰੰਥਾਂ ਵੱਲ ਦੁਆਉਂਦਿਆਂ ਹੋਇਆਂ ਦਸਿਆ ਹੈ :

ਜੁਗੋ ਜੁਗ ਆਪੋ ਆਪਣਾ ਧਰਮੁ ਹੈ,
ਸੋਧਿ ਦੇਖਹੁ ਬੇਦ ਪੁਰਾਨਾਂ ॥ (ਬਿਲਾਵਲੁ ਮ: ੩/੭੯੭)

ਇਸ ਤੁਕ ਵਿਚ ਮਨੁੱਖਤਾ ਨੂੰ ਕਿਹਾ ਹੈ ਕਿ ਤੁਸੀਂ ਵੇਦ, ਪੁਰਾਨ ਅਤੇ ਹੋਰ ਧਾਰਮਕ ਗ੍ਰੰਥਾਂ ਨੂੰ ਚੰਗੀ ਤਰ੍ਹਾਂ ਪੜ੍ਹ ਕੇ, ਵਿਚਾਰ ਕੇ ਤੇ ਸੋਧ ਕੇ ਵੇਖ ਲਵੋ, ਉਨ੍ਹਾਂ ਵਿਚ ਦਸਿਆ ਹੈ ਕਿ ਹਰ ਇਕ ਜੁਗ ਦੇ ਕਰਮ ਧਰਮ ਆਪੋ ਆਪਣੇ ਹੁੰਦੇ ਹਨ। ਸੋ ਜੁਗ ਬਦਲਣ ਨਾਲ ਉਸ ਦੇ ਅਧਿਆਤਮਕ ਕਰਮ ਧਰਮ ਵੀ ਬਦਲ ਜਾਂਦੇ ਹਨ। ਜਿਹੜੇ ਅਧਿ-ਆਤਮਕ ਕਰਮ ਧਰਮ ਇਕ ਜੁਗ ਵਿਚ ਯੋਗ ਅਤੇ ਸਫਲ ਹੁੰਦੇ ਹਨ, ਉਹੀ ਉਸ ਜੁਗ ਦੇ ਬਦਲ ਜਾਣ ਤੇ ਦੂਜੇ ਜੁਗ ਵਿਚ, ਅਯੋਗ ਅਤੇ ਨਿਸਫਲ ਵੀ ਹੋ ਜਾਂਦੇ ਹਨ। (ਨਾਮ ਤੇ ਨਾਮ ਰਸ—ਦੀਵਾਨ ਸਿੰਘ)

ਸੋ : ਸਪੱਸ਼ਟ ਹੈ ਕਿ ਪ੍ਰਾਚੀਨ ਧਰਮ ਗ੍ਰੰਥ ਵੀ ਕਹਿ ਰਹੇ ਹਨ ਕਿ ਵਾਹਿਗੁਰੂ ਜੀ ਨੇ ਜੀਵ ਨੂੰ 'ਸਚੁ' ਗ੍ਰਹਣ ਲਈ 'ਨਾਮ' ਸਿਮਰਨ ਲਈ ਪੈਦਾ ਕੀਤਾ ਹੈ, ਪਰ ਇਹ ਮਾਇਕ ਭੋਗਾਂ ਵਿਚ ਰੁੱਝ ਕੇ ਜੀਵਨ ਵਿਅਰਥ ਗੁਆ ਲੈਂਦਾ ਹੈ। ਜਿਸ ਉੱਤੇ ਪਰਮਾਤਮਾ ਮਿਹਰ ਕਰੇ ਉਸ ਨੂੰ ਗੁਰੂ ਮਿਲਾਉਂਦਾ ਹੈ, ਗੁਰੂ ਤੋਂ ਹੀ 'ਨਾਮ' ਪ੍ਰਾਪਤ ਹੁੰਦਾ ਹੈ, ਜਿਸ ਦੀ ਬਰਕਤ ਨਾਲ ਉਸ ਦਾ ਜੀਵਨ ਉੱਚਾ ਹੋ ਜਾਂਦਾ ਹੈ ਉਸ ਨੂੰ ਸਮਝ ਆ ਜਾਂਦੀ ਹੈ ਕਿ ਦੁਨੀਆਂ ਦੀਆਂ ਵਡਿਆਈਆਂ ਦਾ ਮਾਣ ਕੂੜਾ ਹੈ, ਉਹ ਇਕ ਪਾਰਬ੍ਰਹਮ ਪਰਮੇਸ਼ਰ ਨੂੰ ਹੀ ਆਪਣਾ ਆਸਰਾ ਜਾਣਦਾ ਹੈ।

ਕਲਜੁਗ ਵਿਚ ਨਾਮ ਦੀ ਖਾਸ ਮਹੱਤਤਾ

ਪਿਛਲੇ ਜੁਗਾਂ ਵਿਚ ਇਹ ਧਰਮ ਦੀ ਮਰਯਾਦਾ ਚਲੀ ਆਉਂਦੀ ਸੀ ਕਿ ਜਤ ਰੱਖਣਾ, ਇੰਦ੍ਰੀਆਂ ਨੂੰ ਰੋਕਣਾ, ਤੀਰਥ ਕਰਕੇ ਆਦਿਕ, ਪਰ ਹੁਣ ਕਲਜੁਗ ਵਿਚ ਇਕੋ ਵਾਹਿਗੁਰੂ ਜੀ ਦੇ ਗੁਣ ਗਾਉਣਾ ਹੀ ਧਰਮ ਹੈ :

ਜਤੁ ਸੰਜਮ ਤੀਰਥ ਓਨ੍ਹਾ ਜੁਗਾਂ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥

(ਬਿਲਾਵਲੁ ਮ: ੩/੭੯੭)

ਜਤ, ਸਤ, ਸੰਜਮ ਅਤੇ ਤੀਰਥਾਂ ਦੇ ਇਸ਼ਨਾਨ ਜਾਂ ਹੋਰ ਕਰਮ ਧਰਮ ਆਦਿ ਤਾਂ ਹੋਰਨਾਂ ਜੁਗਾਂ ਦੇ ਧਰਮ ਹਨ, ਕਲਜੁਗ ਦੇ ਨਹੀਂ। ਕਲਜੁਗ ਵਿਚ ਸਹੀ ਤੇ ਸਫਲ ਅਧਿਆਤਮਕ ਕਰਮ ਇਕੋ ਹੀ ਹੈ ਅਤੇ ਉਹ ਨਾਮ ਹੈ- ਵਾਹਿਗੁਰੂ ਜੀ ਦਾ ਨਾਮ।

ਇਸ ਸੰਬੰਧ ਵਿਚ ਹੇਠ ਲਿਖੀ ਤੁਕ ਵੱਲ ਵੀ ਧਿਆਨ ਦਿਉ ਤੇ ਇਸ ਨੂੰ ਵਿਚਾਰੋ। ਇਸ ਨਾਲ ਉਪਰੋਕਤ ਸਿਧਾਂਤ ਦੀ ਪੁਸ਼ਟੀ ਹੁੰਦੀ ਹੈ :

ਸਤਿਜੁਗਿ ਸਤੁ ਤੇਤਾ ਜਗੀ ਦੁਆਪਰ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥

(ਗਉੜੀ ਰਵੀਦਾਸ/੩੪੬)

ਉਪਰੋਕਤ ਤੁਕ ਵਿਚ ਭਗਤ ਰਵਿਦਾਸ ਜੀ ਦਸਦੇ ਹਨ ਕਿ ਸਤਜੁਗ, ਦੁਆਪਰ ਅਤੇ ਤਰੇਤੇ ਜੁਗ ਵਿਚ ਤਾਂ ਜੱਗ ਅਤੇ ਪੂਜਾ ਆਦਿ ਅਧਿਆਤਮਕ ਕਰਮ ਯੋਗ ਤੇ ਫਲਦਾਇਕ ਸਨ, ਪਰ ਕਲਜੁਗ ਵਿਚ ਮਨੁੱਖ ਲਈ ਕੇਵਲ ਨਾਮ ਦਾ ਹੀ ਆਧਾਰ ਹੈ :

ਇਸ ਤਰ੍ਹਾਂ ਗੁਰਮਤ ਅਨੁਸਾਰ ਅੱਜ ਦੇ ਜੁਗ ਵਿਚ ਆਤਮਕਤਾ ਦੇ ਮਾਰਗ ਤੋਂ ਅੱਗੇ ਵਧਣ ਲਈ ਅਤੇ ਮੁਕਤੀ ਦੀ ਪ੍ਰਾਪਤੀ ਲਈ ਨਾਮ ਵਿਚ ਇਕ ਖਾਸ ਮਹੱਤਤਾ ਅਤੇ ਯੋਗਤਾ ਹੈ, ਜਿਹੜੀ ਹੋਰ ਕਿਸੇ ਕਰਮ ਧਰਮ ਵਿਚ ਨਹੀਂ। ਇਸੇ ਲਈ ਗੁਰਬਾਣੀ ਵਿਚ ਇਹ ਵੀ ਬੜਾ ਸਪੱਸ਼ਟ ਕਰਕੇ ਦਸਿਆ ਹੈ ਕਿ ਕਲਜੁਗ ਵਿਚ ਮੁਕਤੀ ਸਿਰਫ਼ ਨਾਮ ਨਾਲ ਹੀ ਹੋਵੇਗੀ ਅਤੇ ਨਾਮ ਤੋਂ ਬਿਨਾਂ ਹੋਰ ਕਿਸੇ ਕਰਮ ਧਰਮ ਨਾਲ ਵੀ ਪ੍ਰਾਣੀ ਨੂੰ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕੇਗੀ :

ਕਲਮੈ ਮੁਕਤਿ ਨਾਮ ਤੇ ਪਾਵਤ
ਗੁਰੁ ਯਹ ਭੇਦੁ ਬਤਾਵੈ ॥ (ਬਿਲਾਵਲੁ ਮ: ੯/੬੩੨)

ਕਿਰਪਾ ਦੇ ਖਜ਼ਾਨੇ ਵਾਹਿਗੁਰੂ ਜੀ ਦਾ ਨਾਮ ਹੀ ਜਗਤ ਵਿਚ ਹੈ ਜਿਸ ਨੂੰ ਜਿਹੜਾ ਪ੍ਰਾਣੀ ਜਪਦਾ ਹੈ ਉਹ ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ। ਹੋਰ ਕਿਸੇ ਤਰ੍ਹਾਂ ਦੇ ਭੀ ਕੋਈ ਕਰਮ ਉਸ ਨਾਮ ਦੇ ਬਰਾਬਰ ਨਹੀਂ ਹਨ—ਵੇਦ ਭੀ ਇਹ ਜੁਗਤੀ ਦੱਸਦਾ ਹੈ :

ਕਲਿ ਮਹਿ ਏਕੁ ਨਾਮ ਕਿਰਪਾਨਿਧਿ
ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮਿ ਨਾਹਨਿ
ਇਹ ਬਿਧਿ ਬੇਦੁ ਬਤਾਵੈ ॥ (ਸੋਰਠਿ ਮ: ੯/੮੩੨)

ਸਿਰਫ਼ ਵਾਹਿਗੁਰੂ-ਨਾਮ ਦੇ ਰਾਹੀਂ ਹੀ ਕਲਜੁਗ ਵਿਚ ਸੰਸਾਰ-ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ, ਵਾਹਿਗੁਰੂ ਜੀ ਨਾਲ ਮਿਲਾਪ ਦੀ ਇਹੀ ਜੁਗਤਿ ਗੁਰੂ ਜੀ ਦੱਸਦੇ ਹਨ :

ਕਲਿਜੁਗ ਮਹਿ ਇਕ ਨਾਮਿ ਉਧਾਰੁ ॥
ਨਾਨਕੁ ਬੋਲੈ ਬ੍ਰਹਮ ਬੀਚਾਰੁ ॥ (ਭੈਰਉ ਮ: ੫/੧੧੩੮)

ਹੇ ਹਰੀ ! ਤੇਰਾ ਸੇਵਕ, ਹੇ ਪਾਰਬ੍ਰਹਮ ! ਤੇਰਾ ਰੂਪ ਗੁਰੂ ਨਾਨਕ ਸਾਰੇ ਜਗਤ ਵਿਚ ਪਰਗਟ ਹੋਇਆ ਹੈ। ਗੁਰੂ ਨਾਨਕ ਹਨੇਰੇ ਵਿਚ ਦੀਵਾ ਜਗ ਪਿਆ ਹੈ, ਉਸ ਦੇ ਦੱਸੇ ਹੋਏ ਨਾਮ ਦੀ ਬਰਕਤਿ ਨਾਲ ਸਾਰੀ ਸ੍ਰਿਸ਼ਟੀ ਪਾਰ ਲੰਘ ਰਹੀ ਹੈ :

ਬਲਿਓ ਚਰਾਗ ਅੰਧਾਰ ਮਹਿ
ਸਭ ਕਲਿ ਉਧਰੀ, ਇਕ ਨਾਮ ਧਰਮ ॥
ਪ੍ਰਗਟੁ ਸਗਲ ਹਰਿ ਭਵਨ ਮਹਿ
ਜਨੁ ਨਾਨਕੁ ਗੁਰ ਪਾਰਬ੍ਰਹਮ ॥

(ਸਵਯੇ ਸ੍ਰੀ ਮੁਖਵਾਕ ਮ: ੫/੧੩੮੭)

ਇਸੇ ਸੰਬੰਧ ਵਿਚ ਹੇਠਾਂ ਲਿਖੀ ਤੁਕ ਵੱਲ ਵੀ ਧਿਆਨ ਦਿਓ :

ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ ॥
ਇਹੁ ਨਿਧਾਨ ਸਾਧੂ ਪਾਹਿ ॥ (ਰਾਮਕਲੀ ਮ: ੫/੮੮੮)

ਇਸ ਤੁਕ ਵਿਚ ਅੰਮ੍ਰਿਤ ਦਾ ਭਾਵ ਹੈ ਅਮਰ ਜਾਂ ਮੁਕਤ ਕਰ ਦੇਣ ਵਾਲਾ। ਕਲਜੁਗ ਵਿਚ ਉਹ ਵਾਹਿਗੁਰੂ ਜੀ ਦਾ ਨਾਮ ਹੀ ਦੱਸਿਆ ਹੈ, ਤੇ ਇਸ ਤਰ੍ਹਾਂ ਵੀ ਉਪਰੋਕਤ ਸਿਧਾਂਤ ਦੀ ਪੁਸ਼ਟੀ ਕੀਤੀ ਹੈ।

ਪਰ ਗੁਰਬਾਣੀ ਵਿਚ ਜਿਥੇ ਬੜਾ ਸਪਸ਼ਟ ਕਰਕੇ ਕਿਹਾ ਹੈ ਕਿ ਕਲਜੁਗ ਵਿਚ ਮਨੁੱਖ ਦੀ ਮੁਕਤੀ ਨਾਮ ਨਾਲ ਹੀ ਹੋਵੇਗੀ। ਉਥੇ ਇਹ ਵੀ ਬੜਾ ਸਪਸ਼ਟ ਕਰਕੇ ਦੱਸਿਆ ਹੈ ਕਿ ਕਲਜੁਗ ਵਿਚ ਮਨੁੱਖ ਦੀ ਮੁਕਤੀ ਨਾਮ ਤੋਂ ਬਿਨਾ ਹੋਰ ਕਿਸੇ ਕਰਮ ਧਰਮ ਨਾਲ ਨਹੀਂ ਹੋ ਸਕੇਗੀ। ਇਸੇ ਲਈ ਫੁਰਮਾਇਆ ਹੈ :

ਜਗੁ ਮਾਹਿ ਨਾਮੁ ਦੁਲੰਭੁ ਹੈ ਗੁਰਮੁਖ ਪਾਇਆ ਜਾਇ ॥
ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ ॥

(ਗੁਜਰੀ ਮ. ੩/੪੯੦)

ਜੁਗ ਭਾਵੇਂ ਕੋਈ ਹੋਵੇ, ਹਰੇਕ ਜੁਗ ਵਿਚ ਗੁਰੂ ਦੀ ਸ਼ਰਨ ਪੈਣ ਵਾਲੇ ਪ੍ਰਾਣੀ ਨੇ ਹੀ ਵਾਹਿਗੁਰੂ ਜੀ ਨਾਲ ਡੂੰਘੀ ਸਾਂਝ ਪਾਈ ਹੈ। ਕਿਸੇ ਭੀ ਜੁਗ ਵਿਚ ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਕਿਸੇ ਨੇ ਭੀ ਵਿਕਾਰਾਂ ਤੋਂ ਖਲਾਸੀ ਪ੍ਰਾਪਤ ਨਹੀਂ ਕੀਤੀ। ਇਸ ਤਰ੍ਹਾਂ ਕਲਜੁਗ ਵਿਚ ਭੀ ਵਾਹਿਗੁਰੂ ਜੀ ਦੇ ਨਾਮ ਵਿਚ ਜੁੜਿਆਂ ਹੀ ਲੋਕ ਪਰਲੋਕ ਵਿਚ ਇਜ਼ਤ ਮਿਲਦੀ ਹੈ :

ਕਲਿ ਮਹਿ ਰਾਮ ਨਾਮਿ ਵਡਿਆਈ ॥

ਜੁਗਿ ਜੁਗਿ ਗੁਰਮੁਖਿ ਏਕੋ ਜਾਤਾ
ਵਿਣ ਨਾਵੈ ਮੁਕਤਿ ਨ ਪਾਈ ॥ (ਭੈਰਉ ਮ. ੩/੧੧੩੨)

ਗੁਰੂ ਅਮਰ ਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਕੁਕਰਮੀ ਜੀਵ ਦੇ ਹਿਰਦੇ ਵਿਚ ਮਾਨੋ ਕਲਿਜੁਗ ਆ ਜਾਂਦਾ ਹੈ, ਇਸ ਕਲਿਜੁਗ ਭਾਵ, ਕੁਕਰਮ-ਦਸ਼ਾ ਦੇ ਪੰਜੇ ਵਿਚ ਫਸਿਆ ਕੋਈ ਕਰਮ-ਧਰਮ ਛੁਡਾ ਨਹੀਂ ਸਕਦਾ। ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਕੋਈ ਪ੍ਰਾਣੀ ਕਲਿ-ਜੁਗ ਤੋਂ ਖਲਾਸੀ ਨਹੀਂ ਪਾ ਸਕਦਾ :

ਇਸ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥
(ਗਉੜੀ ਮ. ੩/੧੬੧)

ਸੋ, ਗੁਰਮਤਿ ਅਨੁਸਾਰ ਕਲਜੁਗ ਵਿਚ ਪ੍ਰਾਣੀ ਦੀ ਮੁਕਤੀ ਨਾਮ ਦੁਆਰਾ ਹੀ ਹੋਵੇਗੀ, ਅਤੇ ਨਾਮ ਤੋਂ ਬਿਨਾਂ ਕਿਸੇ ਕਰਮ ਧਰਮ ਨਾਲ ਵੀ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ, ਇਸੇ ਲਈ ਗੁਰਮਤਿ ਨੇ ਅੱਜ ਦੇ ਸਮੇਂ ਵਿਚ ਕੀਤੇ ਜਾ ਰਹੇ ਸਾਰੇ ਅਧਿਆਤਮ ਕਰਮਾਂ ਧਰਮਾਂ ਵਿਚੋਂ ਨਾਮ ਹੀ ਸ੍ਰੇਸ਼ਟ ਮੰਨਿਆ ਹੈ ਅਤੇ ਕਿਹਾ ਹੈ :

ਕਲਜੁਗ ਮਹਿ ਰਾਮ ਨਾਮੁ ਉਰ ਧਾਰੁ ॥
ਬਿਨੁ ਨਾਵੈ ਮਾਥੈ ਪਾਵੈ ਛਾਰੁ ॥ (ਭੈਰਉ ਮ. ੩/੧੧੨੯)

ਕਲਜੁਗ ਦੇ ਸਮੇਂ ਵਿਚ ਰਾਮ ਦਾ ਨਾਮ ਹੀ ਹਿਰਦੇ ਵਿਚ ਵਸਾਉ। ਇਸ ਤੋਂ ਬਿਨਾਂ ਕਿਸੇ ਵੀ ਕਰਮ ਧਰਮ ਦੀ ਅੱਗੇ ਪਤ ਨਹੀਂ ਪਵੇਗੀ ਅਤੇ ਉਨ੍ਹਾਂ ਦਾ ਕੋਈ ਲਾਭ ਨਹੀਂ ਹੋਵੇਗਾ।

ਗੁਰਬਾਣੀ ਵਿਚ ਇਹ ਵੀ ਬੜਾ ਸਪੱਸ਼ਟ ਕਰ ਕੇ ਦਸਿਆ ਹੈ ਕਿ ਕਲਜੁਗ ਵਿਚ ਵਾਹਿਗੁਰੂ ਜੀ ਦਾ ਨਾਮ ਹੀ ਸਭ ਤੋਂ ਸ੍ਰੇਸ਼ਟ ਹੈ ਅਤੇ ਇਸ ਤੋਂ ਬਿਨਾਂ ਬਾਕੀ ਦੇ ਕਰਮ ਧਰਮ ਦਿਖਾਵੇ ਦੇ, ਠੱਗ-ਬਾਜੀ ਅਤੇ ਰੋਟੀ ਕਮਾਉਣ ਦੇ ਵਸੀਲੇ ਹਨ :

ਕਲਿ ਮਹਿ ਰਾਮ ਨਾਮੁ ਸਾਰੁ ॥

ਅਖੀ ਤਾਂ ਮੀਟਹਿ ਨਾਕ ਪਕੜਹਿ
ਠਗਣ ਕਉ ਸੰਸਾਰ ॥ (ਧਨਾਸਰੀ ਮ. ੧/੬੬੨)

ਕਲਜੁਗ ਵਿਚ ਵਾਹਿਗੁਰੂ ਨਾਮ ਦੀ ਮਹੱਤਾ ਦਦਿਆਂ ਇਹ ਕਿਹਾ ਹੈ :

ਕਲਜੁਗ ਮਹਿ ਬਹੁ ਕਰਮ ਕਮਾਹਿ ॥
ਨ ਰੁਤ ਨ ਕਰਮ ਥਾਇ ਪਾਹਿ ॥
ਕਲਜੁਗ ਮਹਿ ਰਾਮ ਨਾਮੁ ਹੈ ਸਾਰ ॥
(ਭੈਰਉ ਮ. ੩/੧੧੩੦)

ਲੋਕੀਂ ਕਲਜੁਗ ਵਿਚ ਕਰਮ ਧਰਮ ਤਾਂ ਬਹੁਤ ਕਰ ਰਹੇ ਹਨ ਪਰ ਨਾਮ ਤੋਂ ਬਿਨਾ ਸਾਰੇ ਕਰਮ ਧਰਮ ਕਰੁੱਤੇ ਹੋਣ ਕਰਕੇ ਜਾਂ ਸਮੇਂ ਅਤੇ ਰੁੱਤ ਅਨੁਸਾਰ ਨਾ ਹੋਣ ਕਰਕੇ, ਅਕਾਰਥ ਜਾ ਰਹੇ ਹਨ। ਕਿਉਂਕਿ ਕਲਜੁਗ ਇਨ੍ਹਾਂ ਕਰਮਾਂ ਧਰਮਾਂ ਦਾ ਬੀਜ ਬੀਜਣ ਲਈ ਠੀਕ ਸਮਾਂ ਨਹੀਂ। ਇਸੇ ਲਈ ਨਾਮ ਤੋਂ ਬਿਨਾਂ ਹੋਰ ਕਰਮਾਂ ਧਰਮਾਂ ਦੇ ਬੀਜੇ ਜਾ ਰਥੇ ਬੀਜ ਕਲਜੁਗ ਵਿਚ ਨਹੀਂ ਉਗਣਗੇ ਅਤੇ ਨਿਸਫ਼ਲ ਜਾਣਗੇ।

ਇਸ ਸਿਧਾਂਤ ਦੀ ਪੁਸ਼ਟੀ ਲਈ ਸ੍ਰੀ ਗੁਰੂ ਅਮਰ ਦਾਸ ਸਾਹਿਬ ਜੀ ਫੁਰਮਾਉਂਦੇ ਹਨ :

ਕਲਿਜੁਗ ਮਹਿ ਹਰਿ ਜੀਉ
ਏਕ ਹੋਰ ਰੁਤਿ ਨ ਕਾਈ ॥ (ਭੈਰਉ ਮ. ੩/੧੧੩੦)

ਕਲਜੁਗ ਵਿਚ ਬੱਸ ਇਕ ਵਾਹਿਗੁਰੂ ਜੀ ਦਾ ਨਾਮ ਹੀ ਠੀਕ ਹੈ ਹੋਰ ਕਿਸੇ ਕਰਮ ਧਰਮ ਲਈ ਕਲਜੁਗ ਠੀਕ ਰੁੱਤ ਨਹੀਂ।

ਹੇਠ ਲਿਖੀ ਤੁਕ ਵਿਚ ਵੀ ਇਸੇ ਸਿਧਾਂਤ ਵੱਲ ਇਸ਼ਾਰਾ ਕੀਤਾ ਹੈ ਅਤੇ ਇਸੇ ਦੀ ਪੁਸ਼ਟੀ ਕੀਤੀ ਹੈ, ਜਦੋਂ ਕਿਹਾ ਹੈ :

ਅਨਿਕ ਕਰਮ ਕੀਏ ਬਹੁਤੇਰੇ ॥
ਜੋ ਕੀਜੈ ਸੋ ਬੰਧਨੁ ਪੈਰੇ ॥
ਕੁਰੁਤਾ ਬੀਜੁ ਬੀਜੇ ਨਹੀ ਜੰਮੈ,
ਸਭੁ ਲਾਹਾ ਮੂਲੁ ਗਵਾਇਦਾ ॥(ਮਾਰੂ ਸੋਹਲੇ ਮ.੫/੧੦੭੫)

ਇਸ ਤਰ੍ਹਾਂ ਗੁਰਮਤਿ ਦਾ ਬੜਾ ਮਹਾਨ ਨਿਰਣਾ ਹੈ ਕਿ ਕਲਜੁਗ ਵਿਚ ਸਿਰਫ਼ ਨਾਮ ਦਾ ਬੀਜਿਆ ਬੀਜ ਹੀ ਜੰਮੇਗਾ ਅਤੇ ਫਲੇ ਫੁੱਲੇਗਾ। ਹੋਰ ਕਰਮਾਂ ਧਰਮਾਂ ਦੇ ਬੀਜ ਕਲਜੁਗ ਵਿਚ ਨਹੀਂ ਜੰਮਣਗੇ ਅਤੇ ਇਸ ਤਰ੍ਹਾਂ ਸਾਰੀ ਮਿਹਨਤ ਨਿਸਫਲ ਜਾਏਗੀ, ਕਿਉਂਕਿ ਬੀਜ ਰੁੱਤ ਅਨੁਸਾਰ ਬੀਜਿਆ ਹੀ ਜੰਮਦਾ ਹੈ, ਕੁਰੁੱਤਾ ਬੀਜਿਆਂ ਨਹੀਂ ਜੰਮਦਾ, ਅਤੇ ਕਲਜੁਗ ਨਾਮ ਤੋਂ ਬਿਨਾਂ ਹੋਰ ਕਰਮਾਂ ਧਰਮਾਂ ਦੇ ਬੀਜ ਬੀਜਣ ਲਈ ਠੀਕ ਰੁੱਤ ਨਹੀਂ।

ਇਸੇ ਲਈ ਮਨੁੱਖਤਾ ਨੂੰ ਪਿਛਲੇ ਆ ਰਹੇ ਕਰਮ ਕਾਂਡ ਅਤੇ ਭੁਲੇਖਿਆਂ 'ਚੋਂ ਕੱਢਣ ਲਈ ਗੁਰੂ ਸਾਹਿਬਾਨ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਇਹ ਉਪਦੇਸ਼ ਦਿੱਤਾ ਹੈ :

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ॥
ਮਨ ਰੁਤਿ ਨਾਮ ਰੇ ॥ (ਬਸੰਤ ਮ. ੫/੧੧੮੫)

ਪਰ ਜਿਹੜੇ ਇਹ ਮਤ ਨੂੰ ਨਹੀਂ ਮੰਨਦੇ ਜਾਂ ਨਹੀਂ ਮੰਨਣਗੇ ਅਤੇ ਹੋਰ ਹੋਰ ਕਰਮ ਕਾਂਡਾਂ ਵਿਚ ਹੀ ਫਸੇ ਰਹਿਣਗੇ। ਉਨ੍ਹਾਂ ਬਾਰੇ ਵੀ ਬੜਾ ਸਪੱਸ਼ਟ ਕਰ ਕੇ ਦੱਸਿਆ ਹੈ ਕਿ :

ਕਲਜੁਗਿ ਬੀਜੁ ਬੀਜੇ ਬਿਨੁ ਨਾਵੈ
ਸਭੁ ਲਾਹਾ ਮੂਲੁ ਗਵਾਇਆ ॥ (ਆਸਾ ਮ. ੪/੪੪੬)

ਉਪਰੋਕਤ ਵਿਚਾਰ ਤੋਂ ਇਹ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਵਿਚ ਅੱਜ ਦੇ ਸਮੇਂ ਆਤਮਿਕ ਉੱਨਤੀ ਅਤੇ ਮੁਕਤੀ ਦੀ ਪ੍ਰਾਪਤੀ ਦਾਂ ਇਕੋ ਇਕ ਸਾਧਨ 'ਨਾਮ' ਹੀ ਸਹੀ ਮੰਨਿਆ ਹੈ ਅਤੇ ਨਾਮ ਤੋਂ ਬਿਨੀ ਹੋਰ ਕਿਸੇ ਸਾਧਨ ਨੂੰ ਵੀ ਠੀਕ ਨਹੀਂ ਦੱਸਿਆ। ਇਸ ਤਰ੍ਹਾਂ ਜਿਹੜੇ ਪ੍ਰਾਚੀਨ ਸਮੇਂ ਤੋਂ ਇਹ ਵਿਚਾਰਧਾਰਾ ਆ ਰਹੀ ਸੀ ਕਿ ਕੋਈ ਕਿਸ ਰਸਤੇ ਤੋਂ ਵੀ ਆਵੇ ਉਹ ਆਤਮਿਕ ਮੰਜ਼ਿਲ ਤੇ ਪਹੁੰਚ ਜਾਂਦਾ ਹੈ ਅਤੇ ਉਸ ਨੂੰ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਨੂੰ ਵੀ ਗੁਰਮਤਿ ਨੇ ਸਹੀ ਨਹੀਂ ਦੱਸਿਆ।

ਉਂਝ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਤਮਿਕ ਮਿਸ਼ਨ ਬਾਰੇ ਦੱਸਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬਚਿੱਤਰ ਨਾਟਕ ਵਿਚ ਬੜਾ ਸੰਖੇਪ ਜਿਹਾ ਇਸ਼ਾਰਾ ਕੀਤਾ ਹੈ ਤੇ ਕਿਹਾ ਹੈ :

ਤਿਨ ਇਹ ਕਲ ਮੋ ਧਰਮ ਚਲਾਯੋ ॥
ਸਭ ਸਾਧਨ ਕੋ ਰਾਹੁ ਬਤਾਇਓ ॥

(ਬਚਿੱਤ੍ਰ ਨਾਟਕ ਪਾ. ੧੦)

ਸਪੱਸ਼ਟ ਤੌਰ ਤੇ ਇਹ ਇਸ਼ਾਰਾ ਆਤਮਕ ਰਸਤੇ ਬਾਰੇ ਹੀ ਹੈ ਤੇ ਇਸ ਦਾ ਭਾਵ ਇਹੀ ਹੈ ਕਿ ਜਿਹੜੇ ਭਾਗਵਾਨ ਵੀ ਆਤਮਕਤਾ ਦੇ ਰਸਤੇ ਤੇ ਅੱਗੇ ਵਧਣ ਦੇ ਚਾਹਵਾਨ ਹਨ ਜਾਂ ਅੱਗੇ ਵਧਣ ਲਈ ਯਤਨ ਕਰ ਰਹੇ ਹਨ, ਉਨ੍ਹਾਂ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਤਮਿਕਤਾ ਦਾ ਰਸਤਾ ਦੱਸਿਆ ਹੈ। ਇਸ ਇਸ਼ਾਰੇ ਨਾਲ ਸੰਬੰਧਤ ਹੋਰ ਇਸ਼ਾਰੇ ਕੀਤੇ ਵੀ ਮਿਲਦੇ ਹਨ, ਜਿਨ੍ਹਾਂ ਵਿਚ ਕਿਹਾ ਹੈ :

ਜੋ ਪ੍ਰਭ ਕੋ ਮਿਲਬੋ ਚਾਹੈ ਖੋਜ ਸ਼ਬਦ ਮਹ ਲੇਹੁ ॥
ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ ॥

ਸੋ ਉਪਰੋਕਤ ਆਸ਼ੇ ਅਨੁਸਾਰ ਜਿਹੜਾ ਵੀ ਵਾਹਿਗੁਰੂ ਜੀ ਨੂੰ ਮਿਲਣਾ ਚਾਹੇ। ਜਾਂ ਜੋਤਿ ਸਰੂਪ ਵਿਚ ਉਸ ਦੇ ਦਰਸ਼ਨ ਕਰਨਾ ਚਾਹੇ, ਉਹ ਉਸ ਨੂੰ ਸ਼ਬਦ ਵਿਚੋਂ ਢੂੰਡ ਲਵੇ। ਇਥੇ ਸ਼ਬਦ ਦਾ ਇਕ ਭਾਵ ਗੁਰਬਾਣੀ ਤੋਂ ਹੈ। ਸੋ ਇਨ੍ਹਾਂ ਇਸ਼ਾਰਿਆਂ ਦਾ ਸਮੁੱਚਾ ਭਾਵ ਇਹ ਹੈ ਕਿ ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਚਾਹਵਾਨ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਸਤੇ ਨੂੰ ਸ਼ਬਦ 'ਚੋਂ' ਜਾਂ ਗੁਰਬਾਣੀ 'ਚੋਂ' ਖੋਜ ਲੈਣਅਤੇ ਉਸ ਤੇ ਚਲ ਕੇ ਵਾਹਿਗੁਰੂ ਜੀ ਨੂੰ ਖੋਜ ਲੈਣ। ਪਰ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਕੁਝ ਉਪਦੇਸ਼ ਵੀ ਦਿੱਤਾ ਹੈ, ਉਹ ਸਾਰਾ ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਹੀ ਦਿੱਤਾ ਹੈ ਅਤੇ ਉਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਬਾਣੀ ਵਿਚ ਹੀ ਹੋਣਾ ਚਾਹੀਦਾ ਹੈ। ਇਸੇ ਲਈ ਅਸੀਂ ਉਸ ਨੂੰ ਗੁਰਬਾਣੀ ਵਿਚੋਂ ਹੀ ਖੋਜਣਾ ਹੈ ਅਤੇ ਉਸ ਦੀ ਸੋਧ ਵੀ ਸਾਨੂੰ ਗੁਰਬਾਣੀ ਵਿਚੋਂ ਹੀ ਮਿਲਣੀ ਹੈ।

ਪਰ ਪਿੱਛੇ ਕੀਤੀ ਜਾ ਚੁੱਕੀ ਵਿਚਾਰ ਤੋਂ ਤਾਂ ਇਹੀ ਸੇਧ ਮਿਲਦੀ ਹੈ ਕਿ ਗੁਰਮਤਿ ਅਨੁਸਾਰ ਜਗਿਆਸੂ ਨੇ ਨਾਮ ਮਾਰਗ ਨੂੰ ਹੀ ਅਪਨਾਉਣਾ ਹੈ। ਨਾਮ ਦੁਆਰਾ ਹੀ ਉਸ ਨੇ ਅੱਗੇ ਵਧਣਾ ਹੈ ਅਤੇ ਨਾਮ ਦੁਆਰਾ ਹੀ ਅੱਗੇ ਵੱਧ ਕੇ ਉਸ ਨੇ ਮੁਕਤੀ ਦੀ ਪ੍ਰਾਪਤੀ ਕਰਨੀ ਹੈ।

ਪਰ ਜਿਹੜਾ ਭੱਦਰ ਪੁਰਸ਼ ਕਿਸੇ ਦੂਜੇ ਨੂੰ ਰਾਹ ਦੱਸਦਾ ਹੈ ਅਤੇ ਕਹਿੰਦਾ ਹੈ, 'ਦੇਖ ਭਾਈ! ਏਧਰ ਨੂੰ ਸਿੱਧਾ ਚਲਿਆ ਜਾਹ, ਅਗੇ ਥੋੜੀ ਦੂਰੀ ਇਕ ਚੌਰਾਹਾ ਆਵੇਗਾ, ਉਥੋਂ ਸੱਜੇ ਮੁੜ ਜਾਈਂ। ਹੋ ਸਕਦਾ ਹੈ ਕਿ ਉਸ ਰਾਹੀ ਦੇ ਪੈਂਡੇ ਨੂੰ ਸਹਿਲਾ ਕਰਨ ਹਿੱਤ ਇਹ ਵੀ ਕਹਿ ਦੇਵੇ ਅਤੇ ਤਾਕੀਦ ਕਰ ਦੇਵੇ ਕਿ ਚੌਰਾਹੇ ਤੋਂ ਸੱਜੇ ਹੀ ਮੁੜੀਂ; ਖੱਬੇ ਨਾ ਮੁੜੀਂ। ਠੀਕ ਉਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਵੀ ਗੁਰਬਾਣੀ ਵਿਚ ਜਿੱਥੇ ਆਤਮਕ ਰਸਤਾ ਦੱਸਿਆ ਹੈ, ਉਥੇ ਮਨੁੱਖਤਾ ਨੂੰ ਕੁਰਾਹੇ ਜਾਣ ਤੋਂ ਵੀ ਵਰਜਿਆ ਹੈ। ਪਰ ਇਹ ਸਾਰੀ ਵਿਚਾਰ ਆਤਮਕ ਰਸਤੇ ਵਾਲੀ ਵਿਚਾਰ ਦੇ ਨਾਲ ਅੱਗੇ ਆਵੇਗੀ। ਇਥੇ ਹਾਲੇ ਅਸੀਂ ਨਾਮ ਬਾਰੇ ਅਤੇ ਨਾਮ ਦੀ ਮਹੱਤਤਾ ਬਾਰੇ ਹੀ ਵਿਚਾਰਨਾ ਹੈ।

ਗੁਰਬਾਣੀ ਦੇ ਘੋਖਣ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਗੁਰਬਾਣੀ ਵਿਚ ਕੇਵਲ ਇਹ ਹੀ ਨਹੀਂ ਕਿ ਸਾਰੇ ਕਰਮਾਂ-ਧਰਮਾਂ ਵਿਚੋਂ ਨਾਮ ਹੀ ਸਰੇਸ਼ਟ ਹੈ, ਸਗੋਂ ਨਾਮ ਦੀ ਮਹੱਤਤਾ ਇੰਨੀ ਦੱਸੀ ਹੈ ਕਿ ਇਸ ਦੇ ਮੁਕਾਬਲੇ ਤੇ ਸਾਰੀ ਸ੍ਰਿਸ਼ਟੀ ਅਤੇ ਸਾਰੀ ਮਨੁੱਖਤਾ ਦਾ ਵੀ ਖੰਡਨ ਕਰ ਦਿੱਤਾ ਹੈ, ਜਿਵੇਂ ਕਿ ਵਾਹਿਗੁਰੂ ਜੀ ਦੇ ਨਾਮ ਸਿਮਰਨ ਤੋਂ ਬਿਨਾਂ ਜਗਤ ਦਾ ਮੋਹ ਪ੍ਰਾਣੀ ਵਾਸਤੇ ਉਲਝਣ ਹੀ ਉਲਝਣ ਬਣ ਜਾਂਦਾ ਹੈ। ਇਸ ਉਲਝਣ ਵਿਚ ਜੀਵ ਇਤਨਾ ਫਸ ਜਾਂਦਾ ਹੈ ਕਿ ਭਾਵੇਂ ਕਿਤਨਾ ਹੀ ਸਮਝਾਵੋ, ਜੀਵ ਨੂੰ ਸੂਝ ਨਹੀਂ ਪੈਂਦੀ ਕਿ ਮੈਂ ਕੁਰਾਹੇ ਪਿਆ ਹਾਂ :

ਹਰਿ ਕੇ ਨਾਮ ਬਿਨਾ ਜਗੁ ਧੰਧਾ ॥ (ਆਸਾ ਮ: ੧/੩੫੮)

ਵਾਹਿਗੁਰੂ ਜੀ ਦੇ ਨੇਮ ਤੋਂ ਸੱਖਣੀ ਸਾਰੀ ਲੁਕਾਈ ਹੀ ਨੀਵੀਂ ਜਾਤਿ ਵਾਲੀ ਹੈ। ਨਾਮ ਤੋਂ ਖੁੰਝ ਕੇ ਲੁਕਾਈ ਵਿਕਾਰਾਂ ਦੇ ਗੰਦ ਵਿਚ ਟਿਕੀ ਰਹਿੰਦੀ ਹੈ, ਜਿਵੇਂ ਵਿਸ਼ਟਾ ਦਾ ਕੀੜਾ ਵਿਸ਼ਟੇ ਵਿਚ ਮਗਨ

ਰਹਿੰਦਾ ਹੈ :

ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥
(ਆਸਾ ਮ: ੩/੪੨੬)

ਵਾਹਿਗੁਰੂ ਜੀ ਦੇ ਨਾਮ ਤੋਂ ਖੁੰਝ ਕੇ ਹੋਰ ਸਾਰੇ ਅਡੰਬਰ ਕੂੜੇ ਹਨ :

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥
(ਧਨਾਸਰੀ ਰਵਿਦਾਸ ਜੀ/੬੯੪)

ਵਾਹਿਗੁਰੂ ਜੀ ਦਾ ਸਿਮਰਨ ਕਰਨ ਵਾਲਿਆਂ ਗੁਰਸਿਖਾਂ ਨੇ ਇਹ ਗੱਲ ਵਿਚਾਰ ਕੇ ਵੇਖ ਲਈ ਹੈ ਕਿ ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਕੋਈ ਸੱਚਾ ਮਿਤ੍ਰ ਨਹੀਂ ਹੈ :

ਬਿਨੁ ਹਰਿ ਨਾਵੈ ਕੋ ਮਿਤ੍ਰ ਨਾਹੀ
ਵੀਚਾਰਿ ਡਿਠਾ ਹਰਿ ਜੰਨੀ ॥ (ਵਡਹੰਸ ਵਾਰ ਮ: ੪/੫੯੦)

ਹੇ ਮੇਰੇ ਮਾਲਿਕ–ਵਾਹਿਗੁਰੂ ਜੀਓ ! ਜਿਵੇਂ ਨਸ਼ਈ ਮਨੁੱਖ ਨਸ਼ੇ ਵਿਚ ਖੁਸ਼ ਰਹਿੰਦਾ ਹੈ ਤੇ ਨਸ਼ੇ ਤੋਂ ਬਿਨਾ ਘਬਰਾ ਉੱਠਦਾ ਹੈ, ਤਿਵੇਂ ਤੇਰੇ ਨਾਮ ਤੋਂ ਬਿਨਾ ਜਿੰਦਾ ਵਿਆਕੁਲ ਹੋ ਜਾਂਦੀ ਹੈ :

ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ
ਅਮਲੀ ਅਮਲਿ ਸੁਭਾਨਾ ॥ (ਜੈਤਸਰੀ ਮ: ੪੬੯੭)

ਗੁਰਬਾਣੀ ਵਿਚੋਂ ਸਾਨੂੰ ਇਹ ਵੀ ਪਤਾ ਲੱਗਦਾ ਹੈ ਕਿ ਗੁਰਮਤਿ ਅਨੁਸਾਰ ਨਾਮ ਹੀ ਸਭ ਕੁਝ ਹੈ, ਨਾਮ ਤੋਂ ਹੀ ਸਭ ਕੁਝ ਉਤਪੰਨ ਹੋਇਆ ਹੈ, ਹੈ ਓਪਤ, ਪਰਲੋ ਤੇ ਸਾਰੀ ਸ੍ਰਿਸ਼ਟੀ ਦੀ ਚਾਲ ਸਭ ਨਾਮ ਦੇ ਵੱਸ ਵਿਚ ਹੈ ਇਸ ਸੰਬੰਧ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਜੀ ਦੇ ਨਾਮ ਤੋਂ ਸਭ ਕੁਝ ਭਾਵ-ਸਾਰਾ ਰੌਸ਼ਨ ਆਦਿਕ ਜੀਵਨ ਹੁੰਦਾ ਹੈ, ਪਰ ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਨਾਮ ਦੀ ਕਦਰ ਨਹੀਂ ਪੈਂਦੀ :

ਨਾਮੈ ਹੀ ਤੇ ਸਭੁ ਕਿਛੁ ਹੋਆ
ਬਿਨੁ ਸਤਿਗੁਰ ਨਾਮੁ ਨ ਜਾਪੈ ॥ (ਸੂਹੀ ਮ: ੩/੭੫੩)

ਹਰੇਕ ਆਦਰ ਮਾਣ ਵਾਹਿਗੁਰੂ ਜੀ ਦੇ ਨਾਮ ਦੇ ਵੱਸ ਵਿਚ ਹੈ।

ਕੋਈ ਵਿਰਲਾ ਮਨੁੱਖ ਵੱਡੀ ਕਿਸਮਤ ਨਾਲ ਵਾਹਿਗੁਰੂ ਜੀ ਦਾ ਨਾਮ ਪ੍ਰਾਪਤ ਕਰਦਾ ਹੈ :

ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ
ਪੂਰੈ ਭਾਗਿ ਕੋ ਪਾਈ ॥ (ਆਸਾ ਮ: ੩/੪੨੬)

ਜਿਹੜਾ ਪ੍ਰਾਣੀ ਨਾਮ ਸਿਮਰਦਾ ਹੈ ਉਸ ਦੇ ਅੰਦਰ ਨਾਮ-ਰਸ ਦੀ ਤਾਂਘ ਪੈਦਾ ਹੁੰਦੀ ਹੈ, ਨਾਮ ਦੀ ਬਰਕਤਿ ਨਾਲ ਉਸ ਦੇ ਅੰਦਰੋਂ ਹੋਰ ਰਸਾਂ ਦੀ ਖਿੱਚ ਦੂਰ ਹੋ ਜਾਂਦੀ ਹੈ, ਨਾਮ ਦੀ ਬਰਕਤਿ ਨਾਲ ਉਹ ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ :

ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ ॥
(ਗਉੜੀ ਮ: ੨/੨੪੬)

ਨਾਮ ਦਾ ਇਹ ਭਾਵ ਵੀ ਨਿਰਾਲਾ ਜਿਹਾ ਹੈ ਪਰ ਅਸੀਂ ਇਸ ਵਿਚ ਡੂੰਘੇ ਜਾਣ ਦਾ ਯਤਨ ਵੀ ਕਰਨਾ ਹੈ।

ਉਪਰੋਕਤ ਤੁਕਾਂ ਵਿਚ ਤਾਂ ਨਾਮ ਦੀ ਮਹੱਤਤਾ ਇਥੋਂ ਤੱਕ ਦੱਸੀ ਹੈ ਕਿ ਨਾਮ ਹੀ ਸਭ ਕੁੱਛ ਹੈ ਅਤੇ ਸਭ ਕੁੱਛ ਨਾਮ ਦੇ ਵੱਸ ਵਿਚ ਹੈ। ਪਰ ਹੇਠ ਲਿਖੀ ਤੁਕ ਪੜ੍ਹ ਕੇ ਤਾਂ ਅਸਚਰਜਤਾ ਦੀ ਹੱਦ ਹੀ ਨਹੀਂ ਰਹਿੰਦੀ :

ਨਾਮਿ ਰਤੇ ਜਨੁ ਭਏ ਭਗਵੰਤਾ ॥੧॥ਰਹਾਉ॥
(ਆਸਾ ਮ: ੫/੩੯੦)

ਇਸ ਤੁਕ ਅਨੁਸਾਰ ਨਾਮ ਨਾਲ ਰੱਤਾ ਹੋਇਆ ਪ੍ਰਾਣੀ ਹੌਲੀ ਹੌਲੀ ਆਪ ਹੀ ਵਾਹਿਗੁਰੂ ਹੋ ਜਾਂਦਾ ਹੈ। ਇਸ ਤੋਂ ਵਧੇਰੇ ਨਾਮ ਦੀ ਮਹੱਤਤਾ ਹੋਰ ਕੀ ਹੋ ਸਕਦੀ ਹੈ ਕਿ ਪ੍ਰਾਣੀ ਨਾਮ ਦੁਆਰਾ ਆਪ ਹੀ ਵਾਹਿਗੁਰੂ ਜੀ ਦਾ ਰੂਪ ਹੋ ਜਾਏ। ਪਰ ਇਹ ਗੱਲ ਗੁਰਬਾਣੀ ਵਿਚ ਨਿਰੀ ਇਕ ਵਾਰੀ ਹੀ ਨਹੀਂ ਸਗੋਂ ਕਈ ਵਾਰ ਕਹੀ ਹੈ।

ਜੋ ਪ੍ਰਾਣੀ ਦਿਨ ਰਾਤ ਵਾਹਿਗੁਰੂ ਜੀ ਦਾ ਨਾਮ ਸਿਮਰਦਾ ਹੈ, ਉਸ ਨੂੰ ਜਨਮ ਮਰਨ ਦਾ ਗੇੜ ਨਹੀਂ ਲਾਉਣਾ ਪੈਂਦਾ। ਜਿਸ ਪਰਮਾਤਮਾ ਤੋਂ ਉਹ ਪੈਦਾ ਹੋਇਆ ਸੀ, ਸਿਮਰਨ ਦੀ ਬਰਕਤਿ ਨਾਲ

ਉਸੇ ਦਾ ਰੂਪ ਹੋ ਜਾਂਦਾ ਹੈ :

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥

(ਬਸੰਤ ਵਾਰ ਮ: ੫/੧੧੯੩)

ਵਾਹਿਗੁਰੂ ਜੀ ਦਾ ਦਾਸ ਉਹ ਹੈ ਜੋ ਵਾਹਿਗੁਰੂ ਜੀ ਦਾ ਨਾਮ ਸਿਮਰਦਾ ਹੈ, ਵਾਹਿਗੁਰੂ ਜੀ ਤੇ ਵਾਹਿਗੁਰੂ ਜੀ ਦਾ ਸੇਵਕ ਇਕ-ਰੂਪ ਹਨ :

ਸੋ ਹਰਿ ਜਨੁ ਨਾਮੁ ਧਿਆਇਦਾ
ਹਰਿ ਹਰਿ ਜਨੁ ਇਕ ਸਮਾਨਿ ॥

(ਸੋਰਠਿ ਵਾਰ ਮ. ੪/੬੫੨)

ਨਾਮ ਦੀ ਮਹੱਤਾ ਬਾਰੇ ਇਹੋ ਜਿਹੀਆਂ ਤੁਕਾਂ ਪੜ੍ਹ ਕੇ ਅਸਚਰਜਤਾ ਦੀ ਕੋਈ ਹੱਦ ਨਹੀਂ ਰਹਿੰਦੀ ਅਤੇ ਮਨ ਮੰਨਣ ਵਿਚ ਹੀ ਨਹੀਂ ਆਉਂਦਾ ਕਿ ਨਾਮ ਜਪਦਾ ਜਪਦਾ ਮਨੁੱਖ ਆਪ ਹੀ ਵਾਹਿਗੁਰੂ ਜੀ ਦਾ ਰੂਪ ਹੋ ਜਾਏ। ਇਹ ਕਿਵੇਂ ਹੋ ਸਕਦਾ ਹੈ ? ਪਰ ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ, ਮਨੁੱਖਤਾ ਨਾਲ ਕੋਈ ਮਖੌਲ ਵੀ ਤਾਂ ਨਹੀਂ ਕੀਤਾ। ਸਗੋਂ ਕਈ ਥਾਵਾਂ ਤੇ ਇਹ ਇਸ਼ਾਰਾ ਕੀਤਾ ਹੈ ਕਿ ਇਸ ਰਸਤੇ ਤੇ ਚੱਲ ਕੇ ਵੇਖ ਲਵੋ। ਸੋ ਗੁਰਬਾਣੀ ਨੂੰ ਕਰਨੀ ਦੀ ਕਸਵੱਟੀ ਤੇ ਲਾ ਕੇ ਤਾਂ ਵੇਖਣਾ ਚਾਹੀਦਾ ਹੈ। ਪਰ ਸਭ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਨਾਮ ਤੋਂ ਗੁਰੂ ਸਾਹਿਬਾਨ ਦਾ ਠੀਕ ਭਾਵ ਕੀ ਸੀ ਤਾਂ ਜੋ ਅਸੀਂ ਉਨ੍ਹਾਂ ਦੀ ਦਿੱਤੀ ਮੱਤ ਤੇ ਠੀਕ ਤਰ੍ਹਾਂ ਚੱਲ ਸਕੀਏ ਅਤੇ ਇਸ ਤੋਂ ਯੋਗ ਲਾਭ ਉਠਾ ਸਕੀਏ।

ਗੁਰਬਾਣੀ ਵਿਚ ਆਈਆਂ ਤੁਕਾਂ ਤੋਂ ਨਾਮ ਦਾ ਭਾਵ ਵਾਹਿਗੁਰੂ ਜੀ ਦਾ ਨਾਮ ਸਿਮਰਨ ਜਾਂ ਨਾਮ ਲੈਣਾ ਹੀ ਜਾਪਦਾ ਹੈ। ਇਸ ਬਾਰੇ ਵੀ ਗੁਰਬਾਣੀ ਦੇ ਅਧਾਰ ਤੇ ਹੀ ਨਿਰਣਾ ਕਰਨਾ ਹੈ ਤੇ ਜੇ ਇਹ ਭਾਵ ਠੀਕ ਹੋਣ ਤਾਂ ਇਹ ਵੀ ਘੋਖਣਾ ਹੈ ਕਿ ਗੁਰਮਤਿ ਅਨੁਸਾਰ 'ਸਿਮਰਨ' ਤੋਂ ਜਾਂ 'ਨਾਮ ਸਿਮਰਨ' ਤੋਂ ਭਾਵ ਕੀ ਹੈ ਅਤੇ ਇਸ ਦੀ ਸਹੀ ਵਿਧੀ ਕੀ ਹੋਣੀ ਚਾਹੀਦੀ ਹੈ ? ਤਾਂ ਜੋ ਅਸੀਂ ਸਿਮਰਨ ਤੋਂ ਪੂਰਾ ਲਾਭ ਉਠਾ

ਸਕੀਏ। ਸੋ ਗੁਰਬਾਣੀ ਦੇ ਆਧਾਰ ਤੇ ਹੀ ਇਸ ਵਿਚਾਰ ਵਿਚ ਹੋਰ ਡੂੰਘੇ ਜਾਣਾ ਹੈ।

ਗੁਰਬਾਣੀ ਨੂੰ ਗਹੁ ਨਾਲ ਘੋਖਣ ਤੇ ਇਹ ਵੀ ਪਤਾ ਲੱਗਦਾ ਹੈ ਕਿ ਬਹੁਤ ਥਾਵਾਂ ਤੇ ਨਾਮ ਦਾ ਭਾਵ 'ਨਾਮ ਸਿਮਰਨ' ਲਿਆ ਪੂਰਾ ਢੁਕਦਾ ਨਹੀਂ। ਇਸ ਸੰਬੰਧ ਵਿਚ ਜਿਵੇਂ ਗੁਰੂ ਜੀ ਨੇ ਫੁਰਮਾਇਆ ਹੈ ਕਿ ਹਰੀ ਦਾ ਨਾਮ ਹੀ ਸਾਡੀ ਪੁਸ਼ਾਕ ਹੈ ਜਿਸ ਨੂੰ ਪਹਿਨ ਕੇ ਕਦੇ ਬੇ-ਪੜਦ ਨਾ ਹੋਵਾਂਗੇ, ਤੇ ਹੋਰ ਸੁੰਦਰ ਪੁਸ਼ਾਕਾਂ ਪਾਉਣ ਦੀ ਸਾਡੀ ਚਾਹ ਦੂਰ ਹੋ ਗਈ ਹੈ :

ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ ॥

(ਵਡਹੰਸ ਮ. ੪/੫੯੩)

ਵਾਹਿਗੁਰੂ ਜੀ ਦੇ ਨਾਮ ਨੂੰ ਹੀ ਹਿਰਦੇ-ਘਰ ਦਾ ਸਮਾਨ ਬਣਾ, ਨਾਮ ਹੀ ਜ਼ਿੰਦ ਦਾ ਆਸਰਾ ਹੈ :

ਨਾਮੁ ਵਰਤਨਿ ਨਾਮੋ ਵਲੇਵਾ
ਨਾਮੁ ਨਾਨਕ ਪ੍ਰਾਨ ਅਧਾਰਾ ॥ (ਸੋਰਠਿ ਮ. ੫/੬੨੪)

ਹੇ ਮੇਰੇ ਭਾਈ! ਤੁਸੀਂ ਭੀ ਸਦਾ ਗੁਰੂ ਜੀ ਦੀ ਸ਼ਰਨ ਲਵੋ, ਸਰੀਰ ਪੈਲੀ ਵਿਚ ਵਾਹਿਗੁਰੂ ਜੀ ਦਾ ਨਾਮ ਬੀਜਿਆ ਕਰੋ, ਸਰੀਰ ਨਗਰ ਵਿਚ ਨਾਮ-ਸਿਮਰਨ ਦਾ ਸੌਦਾ ਕਰਦੇ ਰਹੋ :

ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰ ਸੇਵਹੁ ਨੀਤ ॥ (ਆਸਾ ਮ. ੫/੪੩੦)

ਹੇ ਮੇਰੇ ਮਿੱਤਰ! ਹੇ ਮੇਰੇ ਭਾਈ! ਗੁਰੂ ਜੀ ਦੀ ਸ਼ਰਨ ਪੈ ਕੇ ਤੁਸੀਂ ਭੀ ਹਰਿ-ਨਾਮ ਸਿਮਰਨ ਦਾ ਸਉਦਾ ਲੱਦ ਕੇ ਆਤਮਕ ਜੀਵਨ ਦਾ ਵਪਾਰ ਕਰੋ :

ਵਖਰੁ ਨਾਮ ਲਦਿ ਖੇਪ ਚਲਾਵਹੁ ॥

(ਆਸਾ ਮ. ੫/੪੩੦)

ਇਨ੍ਹਾਂ ਤੁਕਾਂ ਵਿਚ ਨਾਮ ਦੇ ਨਿਰਾਲੇ ਜਿਹੇ ਭਾਵ ਜਾਪਦੇ ਹਨ।

ਕਿਧਰੇ ਇਸ ਨੂੰ ਵਰਤ ਵਲੇਵਾਂ ਤੇ ਕਿਧਰੇ ਇਸੇ ਨੂੰ ਖੇਤੀ ਕਹਿ ਦਿੱਤਾ ਹੈ। ਪਰ ਗੁਰਬਾਣੀ ਵਿਚ ਹੀ ਕਈ ਥਾਵਾਂ ਤੇ ਨਾਮ ਨੂੰ ਦੀਵਾ ਬੱਤੀ, ਬੇੜੀ ਤੁਲਹਾ ਅਤੇ ਫੂਲ ਮਾਲਾ ਆਦ ਵੀ ਕਹਿ ਦਿੱਤਾ ਹੈ। ਇਸ ਪ੍ਰਥਾਇ ਹੇਠ ਲਿਖੀਆਂ ਤੁਕਾਂ ਵੱਲ ਧਿਆਨ ਦੇਈਏ ਕਿ ਵਾਹਿਗੁਰੂ ਜੀ ਦਾ ਨਾਮ ਹੀ ਜਹਾਜ਼ ਹੈ। ਇਹ ਨਾਮ ਹੀ ਤੁਲਹਾ ਹੈ, ਜਿਸ ਵਿਚ ਚੜ੍ਹ ਕੇ ਪ੍ਰਾਣੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ :

ਨਾਨਕ ਨਾਉ ਬੇੜੀ ਨਾਉ ਤਲਹੜਾ ਭਾਈ
ਜਿਤੁ ਲਗਿ ਪਾਰਿ ਜਨ ਪਾਇ ॥ (ਸੋਰਠਿ ਮ. ੩/੬੦੩)

ਹੇਠਲੀ ਤੁਕ ਵਿਚ ਭਗਤ ਨਾਮ ਦੇਵ ਜੀ ਆਖਦੇ ਹਨ ਹੇ ਪ੍ਰਭੂ ਤੇਰਾ ਨਾਮ ਦੀਵਾ ਹੈ, ਨਾਮ ਹੀ ਦੀਵੇ ਦੀ ਵੱਤੀ ਹੈ, ਨਾਮ ਹੀ ਤੇਲ ਹੈ ਜੋ ਲੈ ਕੇ ਮੈਂ ਨਾਮ-ਦੀਵੇ ਵਿਚ ਪਾਇਆ ਹੈ :

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ,
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
(ਧਨਾਸਰੀ ਰਵੀਦਾਸ ਜੀ/੬੯੪)

ਅਗਲੀ ਤੁਕ ਵਿਚ ਕਹਿੰਦੇ ਹਨ ਕਿ ਹੇ ਪ੍ਰਭੂ ਜੀਓ ! ਤੇਰਾ ਨਾਮ ਮੈਂ ਧਾਗਾ ਬਣਾਇਆ ਹੈ, ਨਾਮ ਨੂੰ ਹੀ ਮੈਂ ਫੁੱਲਾਂ ਦੀ ਮਾਲਾ ਬਣਾਇਆ ਹੈ, ਹੋਰ ਸਾਰੇ ਬਨਾਸਪਤੀ ਜਿਸ ਤੋਂ ਲੋਕ ਫੁੱਲ ਲੈ ਕੇ ਮੂਰਤੀਆਂ ਅੱਗੇ ਧਰਦੇ ਹਨ, ਤੇਰੇ ਨਾਮ ਦੇ ਟਾਕਰੇ ਤੇ ਜੂਠੀ ਹੈ :

ਨਾਮੁ ਤੇਰੇ ਧਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
(ਧਨਾਸਰੀ ਰਵੀਦਾਸ ਜੀ/੬੯੪)

ਏਸੇ ਸਲੋਕ ਵਿਚ ਹੀ ਉਚਾਰਦੇ ਹਨ ਕਿ ਹੇ ਪ੍ਰਭੂ ਜੀਉ। ਤੇਰਾ ਨਾਮ ਹੀ ਆਸਨ ਹੈ ਜਿਸ ਉੱਤੇ ਬੈਠ ਕੇ ਪੂਜਾ ਕਰਦਾ ਹੈ, ਤੇਰਾ ਨਾਮ ਹੀ ਚੰਦਨ ਘਸਾਉਣ ਲਈ ਸਿਲ ਹੈ, ਪਰ ਮੇਰੇ ਲਈ ਤੇਰਾ ਨਾਮ ਹੀ ਕੇਸਰ ਹੈ। ਹੇ ਮੁਰਾਰਿ ! ਤੇਰਾ ਨਾਮ ਹੀ ਪਾਣੀ ਹੈ, ਨਾਮ ਹੀ ਚੰਦਨ ਹੈ, ਇਸ ਨਾਮ-ਚੰਦਨ ਨੂੰ ਨਾਮ-ਪਾਣੀ ਨਾਲ ਘਸਾਕੇ, ਤੇਰੇ ਨਾਮ ਦ

ਸਿਮਰਨ-ਰੂਪ ਚੰਦਨ ਹੀ ਮੈਂ ਤੇਰੇ ਉੱਤੇ ਲਾਉਂਦਾ ਹਾਂ :

ਨਾਮ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥

(ਧਨਾਸਰੀ ਰਵੀਦਾਸ ਜੀ/੬੯੪)

ਕਈ ਥਾਵਾਂ ਤੇ ਤਾਂ ਨਾਮ ਦੇ ਭਾਵ ਹੋਰ ਵੀ ਨਿਰਾਲੇ ਜਿਹੇ ਕਠਨ ਜਿਹੇ ਅਤੇ ਸਮਝ ਤੋਂ ਬਾਹਰ ਜਾਪਦੇ ਹਨ। ਇਸ ਸੰਬੰਧ ਬਾਰੇ ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਜੀ ਦੇ ਨਾਮ ਨਾਲ ਹੀ ਸਾਡੀਆਂ ਗੱਲਾਂ ਤੇ ਨਾਮ ਨਾਲ ਹੀ ਸਲਾਹ ਹੈ, ਨਾਸ ਹੀ ਸਦਾ ਸਾਡੀ ਸਾਰ ਲੈਂਦਾ ਹੈ, ਵਾਹਿਗੁਰੂ ਜੀ ਦਾ ਨਾਮ ਹੀ ਸਾਡੀ ਪਿਆਰੀ ਸੰਗਤ ਹੈ ਤੇ ਨਾਮ ਹੀ ਸਾਡੀ ਕੁਲ ਤੇ ਪਰਵਾਰ ਹੈ :

ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ
ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ
ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥

(ਵਡਹੰਸ ਵਾਰ ਮ. ੪/੫੯੨)

ਹੇਠਲੀ ਤੁਕ ਵਿਚ ਗੁਰੂ ਜੀ ਆਖਦੇ ਹਨ ਕਿ ਜਿਹੜੇ ਪ੍ਰਾਣੀ ਗੁਰੂ ਜੀ ਦੀ ਸ਼ਰਨ ਲੈਂਦੇ ਹਨ, ਉਹ ਵਾਹਿਗੁਰੂ ਜੀ ਨਾਲੋਂ ਚਿਰ ਦੇ ਵਿਛੁੜੇ ਹੋਏ ਭੀ ਵਾਹਿਗੁਰੂ ਜੀ ਨੂੰ ਆ ਮਿਲਦੇ ਹਨ। ਵਾਹਿਗੁਰੂ ਜੀ ਦਾ ਨਾਮ ਜੋ, ਮਾਨੋ, ਧਰਤੀ ਦੇ ਸਾਰੇ ਖਜਾਨੇ ਹੈ, ਉਨ੍ਹਾਂ ਨੂੰ ਆਪਣੇ ਅੰਦਰ ਹੀ ਲੱਭ ਪੈਂਦੇ ਹਨ। ਉਸ ਨਾਮ ਖਜਾਨੇ ਨੂੰ ਉਹ ਆਪ ਵਰਤਦੇ ਹਨ, ਹੋਰਨਾਂ ਨੂੰ ਵੰਡਦੇ ਹਨ, ਉਹ ਫਿਰ ਭੀ ਨਹੀਂ ਮੁਕਦਾ। ਆਤਮਕ ਅਡੋਲਤਾ ਵਿਚ ਟਿਕ ਕੇ ਉਹ ਪ੍ਰਾਣੀ ਪ੍ਰਭੂ ਜੀ ਦੇ ਗੁਣ ਯਾਦ ਕਰਦੇ ਰਹਿੰਦੇ ਹਨ :

ਚਿਰੀ ਵਿਛੁਨੇ ਭੀ ਮਿਲਨਿ ਜੋ ਸਤਿਗੁਰੁ ਸਵੰਨਿ ॥
ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ
ਹਰਿ ਗੁਣ ਸਹਜਿ ਰਵੰਨਿ ॥ (ਸੂਹੀ ਮ. ੩/੭੫੬)

ਜਿਨ੍ਹਾਂ ਭਾਗ-ਹੀਣ ਬੰਦਿਆਂ ਨੂੰ ਗੁਰੂ ਜੀ ਨੇ ਵਾਹਿਗੁਰੂ ਜੀ ਦੀ ਸਿਫ਼ਤ ਸਲਾਹ ਦਾ ਸ਼ਬਦ ਨਹੀਂ ਸੁਣਾਇਆ, ਜੋ ਨਾਮ ਤੋਂ ਸੱਖਣੇ ਰਹੇ ਹਨ ਉਹ ਦੁਖੀ ਜੀਵਨ ਹੀ ਬਿਤਾਉਂਦੇ ਗਏ ਕਿਉਂਕਿ ਜੇ ਪ੍ਰਾਣੀ ਦਾ ਮਨ ਪ੍ਰਭੂ ਚਰਨਾਂ ਤੋਂ ਵਿਛੜਿਆ ਰਹੇ ਤਾਂ ਉਸ ਨੂੰ ਸਾਰਾ ਜਗਤ ਬਿਗਾਨਾ ਜਾਪਦਾ ਹੈ ਉਸ ਦੇ ਅੰਦਰ ਮੇਰ ਤੇਰ ਬਣੀ ਰਹਿੰਦੀ ਹੈ :

ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥
ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥
(ਸੂਹੀ ਮ. ੧/੭੬੭)

ਗੁਰੂ ਜੀ ਦੇ ਸਨਮੁਖ ਰਹਿਣ ਵਾਲੇ ਜਿਨ੍ਹਾਂ ਸੇਵਕਾਂ ਨੇ ਭਾਲ ਕੀਤੀ, ਉਹ ਸੋਹਣੇ ਹੰਸ (ਗੁਰਸਿਖ ਉਸ ਗੁਰੂ-ਮਾਨਸਰੋਵਰ ਵਿਚੋਂ) ਨਾਮ ਮੋਤੀ ਲੱਭ ਲੈਂਦੇ ਹਨ :

ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥
(ਸੂਹੀ ਮ. ੩/੭੫੭)

ਜਿਥੋਂ ਤਕ ਹੋ ਸਕੇ ਨਾਮ ਦੇ ਅਜਿਹੇ ਭਾਵਾਂ ਨੂੰ ਵੀ ਸਮਝਣ ਦਾ ਜਤਨ ਤਾਂ ਸਾਨੂੰ ਕਰਨਾ ਹੀ ਚਾਹੀਦਾ ਹੈ। ਪਰ ਇਸੇ ਵਿਚਾਰ ਦਾ ਇਕ ਪੱਖ ਹੋਰ ਵੀ ਹੈ। ਜੇ ਨਾਮ ਦਾ ਇਕ ਭਾਵ ਨਾਮ ਸਿਮਰਨ ਜਾਂ ਵਾਹਿ-ਗੁਰੂ ਜੀ ਦਾ ਨਾਮ ਲੈਣਾ ਵੀ ਲਿਆ ਜਾਵੇ ਤਾਂ ਗੁਰਬਾਣੀ ਵਿਚ ਤਾਂ ਇਹ ਕਿਹਾ ਹੈ ਕਿ ਅੱਠੇ ਪਹਿਰ, ਸੁਆਸ ਸੁਆਸ ਅਤੇ ਹਰ ਸਮੇਂ ਵਾਹਿਗੁਰੂ ਜੀ ਦਾ ਨਾਮ ਲਵੋ ਅਤੇ ਉਸ ਨੂੰ ਸਿਮਰੋ :

ਕਰਿ ਕਿਰਪਾ ਜਾ ਕਉ ਮਤਿ ਦੇਈ ॥
ਆਠ ਪਹਰ ਪ੍ਰਭ ਕਾ ਨਾਉ ਲੇਇ ॥ (ਗੌਂਡ ਮ. ੫/੮੬੫)
ਸਦਾ ਸਦਾ ਸਿਮਰਿ ਦਿਨੁ ਰਾਤਿ ॥
ਊਠਤ ਬੈਠਤ ਸਾਸਿ ਗਿਰਾਸ॥(ਰਾਮਕਲੀ ਕਬੀਰ ਜੀ/੯੭੧)

ਅੱਠੇ ਪਹਿਰ ਜਾਂ ਦਿਨ ਰਾਤ ਨਾਮ ਲੈਣ ਜਾਂ ਨਾਮ ਸਿਮਰਨ ਤੋਂ ਭਾਵ ਇਹ ਹੈ ਕਿ ਸੁੱਤਿਆਂ ਵੀ ਤੇ ਜਾਗਦਿਆਂ ਵੀ ਨਾਮ ਸਿਮਰਨ ਅਖੰਡ ਚਲਦਾ ਰਵ੍ਹੇ। ਪਰ ਐਸਾ ਕਿਹੋ ਜੇਹਾ ਨਾਮ ਹੋਵੇਗਾ ਜਿਸ ਨੂੰ ਮਨ ਹਰ ਵੇਲੇ ਸਿਮਰ ਸਕੇ । ਜਾਗਦਿਆਂ ਤਾਂ ਭਲਾ ਕਿਸੇ ਨੇ ਵਾਹਿਗੁਰੂ ਜੀ ਦਾ ਨਾਮ ਲੈਣ ਦਾ ਵੱਧ ਤੋਂ ਵੱਧ ਜਤਨ ਕਰ ਲਿਆ, ਪਰ ਸੁਤਿਆਂ ਵੀ ਨਾਮ ਸਿਮਰਿਆ ਜਾਵੇ ਇਹ ਕਿਵੇਂ ਹੋ ਸਕਦਾ ਹੈ ? ਸੁੱਤਿਆਂ ਤਾਂ ਆਪਣਾ ਨਾਮ ਵੀ ਯਾਦ ਨਹੀਂ ਰਹਿੰਦਾ ਤੇ ਆਪਣੀ ਹੋਸ਼ ਵੀ ਨਹੀਂ ਰਹਿੰਦੀ, ਫਿਰ ਵਾਹਿਗੁਰੂ ਜੀ ਦਾ ਨਾਮ ਕਿਵੇਂ ਯਾਦ ਰਵ੍ਹੇ। ਸੋ ਇਹ ਖਿਆਲ ਵੀ ਆਉਂਦਾ ਹੈ ਕਿ ਅੱਠੇ ਪਹਿਰ ਵਾਹਿਗੁਰੂ ਜੀ ਦਾ ਨਾਮ ਲੈ ਸਕਣਾ ਸੰਭਵ ਵੀ ਹੈ ਜਾਂ ਨਹੀਂ। ਕਰਨੀ ਵਿਚ ਆ ਸਕਦਾ ਹੈ ਜਾਂ ਨਿਰੀ ਕਹਿਣ ਵਾਲੀ ਹੀ ਗੱਲ ਹੈ। ਇਸ ਪੱਖ ਤੇ ਵੀ ਵਿਚਾਰ ਕਰਨੀ ਹੈ।

ਇਸ ਤਰ੍ਹਾਂ ਇਹ ਨਾਮ ਵਾਲੀ ਵਿਚਾਰ ਤੇ ਨਾਮ ਸਿਮਰਨ ਦਾ ਸਹੀ ਵਿਧੀ ਵਾਲੀ ਵਿਚਾਰ ਬਹੁਪੱਖੀ ਤੇ ਬਹੁਤ ਲੰਮੀ ਹੈ। ਪਰ ਅਸੀਂ ਵਿਚਾਰਨ ਦਾ ਯਤਨ ਜ਼ਰੂਰ ਕਰਨਾ ਹੈ, ਤਾਂ ਜੋ ਇਸ ਬਾਰੇ ਅਸੀਂ ਕਿਸੇ ਮੰਨਣ ਯੋਗ ਸਿੱਟੇ ਤੇ ਪਹੁੰਚ ਸਕੀਏ। (ਦੀਵਾਨ ਸਿੰਘ ਨਾਮ ਤੇ ਨਾਮ ਰਸ)

ਅਸਾਡੇ ਸ਼ਹਿਨਸ਼ਾਹ ਗੁਰੂ ਰਾਮ ਦਾਸ ਸਾਹਿਬ ਜੀ ਹਾਮੀ ਭਰਦੇ ਹਨ ਕਿ 'ਹਰਿ ਜਪਤਿਆ ਉੱਤਮ ਪਦਵੀ ਪਾਇ ॥' ਕੌਣ ਕੌਣ ? ਰਵੀਦਾਸ ਚਮਾਰ ਉਸਤਤਿ ਕਰੇ, ਹਰਿ ਕੀਰਤਿ ਨਿਮਖਇਕ ਗਾਇ ॥' ਅਤੇ : 'ਨਾਮਦੇਇ ਪ੍ਰੀਤਿ ਲਗੀ ਹਰਿ ਸੇਤੀ ॥' (ਸੂਹੀ ਮ. ੪)

ਸਿਮਰਨ ਦੀ ਵਡਿਆਈ ਨੀਵੀਂ ਜਾਤ ਵਾਲਾ ਵੀ ਜੇ ਨਾਮ ਜਪੇ, ਤਾਂ ਉਸ ਨੂੰ ਦੁਨੀਆਂ ਦੇ ਡਰ ਤਾਂ ਕਿਤੇ ਰਹੇ, ਮੌਤ ਦਾ ਡਰ ਵੀ ਨਹੀਂ ਰਹਿੰਦਾ। ਉਹ ਸਦਾ ਵਾਹਿਗੁਰੂ ਜੀ ਦੀ ਯਾਦ ਵਿਚ ਮਸਤ ਰਹਿੰਦਾ ਹੈ। ਭਾਵ ਨਾਮ ਸਿਮਰਨ ਦੀ ਬਰਕਤ ਨਾਲ ਕੋਈ ਭੀ ਪ੍ਰਾਣੀ ਹੋਵੇ ਸੰਸਾਰ-ਸਮੁੰਦਰ ਤੋਂ ਤਰ ਜਾਂਦੇ ਹਨ। ਹੋਰ ਜਾਣਕਾਰੀ ਲਈ, ਪੜ੍ਹੋ, ਦਾਸ ਦੀ 'ਸਿਮਰਨ ਵਿਧੀ' ਪੁਸਤਕ, ਜਿਹੜੀ ਕਿ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ ਲੁਧਿਆਣਾ ਪਾਸੋਂ ਮਿਲ ਸਕਦੀ ਹੈ।

ਗੁਰਮਤਿ ਨਾਮੁ

ਗੁਰਮਤਿ :—ਗੁਰਮਤਿ ਦਾ ਭਾਵ ਹੈ ਗੁਰੂ ਜੀ ਦੀ ਨਸੀਅਤ, ਗੁਰੂ ਦੀ ਰਾਇ, ਸਤਿਗੁਰੂ ਜੀ ਦੀ ਇੱਛਾ, ਗੁਰਮਤਿ ਦੁਆਰਾ ਗੁਰੂ ਜੀ ਦੀ ਸਿੱਖਿਆ, ਗੁਰੂ ਜੀ ਦੀ ਮਤਿ ਅਨੁਸਾਰ ਵਾਹਿਗੁਰੂ ਜੀ ਨਾਲ ਪਿਆਰ ਕਰਨਾ :

ਗੁਰਮਤਿ ਲੇਹੁ ਤਰਹੁ ਭਵ ਦੁਤਰੁ ॥ (ਮਾਰੂ ਸੋਲਹੇ ਮ: ੧)

ਗੁਰੂ ਦੀ ਮਤਿ ਹੀ ਸਦਾ ਕਾਇਮ ਰਹਿਣ ਵਾਲੀ ਹੈ, ਗੁਰੂ ਜੀ ਦਾ ਸ਼ਬਦ ਹੀ ਸਰੇਸ਼ਟ ਪਦਾਰਥ ਹੈ, ਇਸ ਸ਼ਬਦ ਦਾ ਆਸਰਾ ਲੈ ਕੇ ਹੀ ਜੀਵ ਵਾਹਿਗੁਰੂ ਜੀ ਦਾ ਨਾਮ ਆਪਣੇ ਹਿਰਦੇ ਵਿਚ ਸਾਂਭ ਕੇ ਰੱਖ ਸਕਦਾ ਹੈ :

ਗੁਰਮਤਿ ਸਾਚੀ ਸਬਦੁ ਤੇ ਸਾਰੁ ॥
ਹਰਿ ਕਾ ਨਾਮੁ ਰਖੈ ਉਰਿ ਧਾਰਿ ॥ (ਮਲਾਰ ਮ: ੧/੧੨੭੬)

ਜਗਤ ਵਿਚ ਵੇਦਾਂਤ ਆਦਿਕ ਛੇ ਸ਼ਾਸਤ੍ਰਾਂ ਦੀ ਵਿਚਾਰ ਦਾ ਰਿਵਾਜ ਚੱਲ ਰਿਹਾ ਹੈ ਪਰ ਗੁਰੂ ਜੀ ਦਾ ਦਿੱਤਾ ਹੋਇਆ ਸ਼ਾਸਤ੍ਰ ਇਹਨਾਂ ਛੇ ਸ਼ਾਸਤ੍ਰਾਂ ਦੀ ਪਹੁੰਚ ਤੋਂ ਪਰ੍ਹੇ ਹੈ, ਇਹ ਛੇ ਸ਼ਾਸਤ੍ਰ ਗੁਰੂ ਜੀ ਦੇ ਸ਼ਾਸਤ੍ਰ ਦਾ ਅੰਤ ਨਹੀਂ ਪਾ ਸਕਦੇ। ਗੁਰੂ ਜੀ ਦੇ ਸ਼ਬਦ ਵਿਚ ਜੁੜ ਕੇ ਸਦਾ ਕਾਇਮ ਰਹਿਣ ਵਾਲੇ ਵਾਹਿਗੁਰੂ ਜੀ ਵਿਚ ਲਗਨ ਜੋੜ ਕੇ ਮਨੁੱਖ ਵੱਡੀ ਕਿਸਮਤ ਨਾਲ ਵਾਹਿਗੁਰੂ ਜੀ ਦਾ ਮਿਲਾਪ ਕਰਾਉਣ ਵਾਲਾ ਗੁਰ-ਸ਼ਾਸਤ੍ਰ ਪ੍ਰਾਪਤ ਕਰਦਾ ਹੈ।

ਗੁਰੂ ਜੀ ਦੇ ਦਿੱਤੇ ਹੋਏ ਸ਼ਾਸਤਰ ਦੀ ਰਾਹੀਂ ਵਿਚਾਰਾਂ ਤੋਂ ਖਲਾਸੀ ਹੋ ਜਾਂਦੀ ਹੈ, ਉਹ ਸਦਾ ਕਾਇਮ ਰਹਿਣ ਵਾਲਾ ਵਾਹਿਗੁਰੂ ਜੀ

ਆਪ ਮਨ ਵਿਚ ਆ ਵੱਸਦਾ ਹੈ :

ਹਰਿ ਦਰਸਨੁ ਪਾਵੈ ਵਡਭਾਗਿ ॥
ਗੁਰ ਕੈ ਸਬਦਿ ਸਚੈ ਬੈਰਾਗਿ ॥
ਖਟੁ ਦਰਸਨ ਵਰਤੈ ਵਰਤਾਰਾ ॥
ਗੁਰ ਕਾ ਦਰਸਨੁ ਅਗਮ ਅਪਾਰਾ ॥੧॥
ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥
ਸਾਚਾ ਆਪਿ ਵਸੈ ਮਨ ਸੋਇ ॥੧॥ਰਹਾਉ॥

(ਆਸਾ ਮ: ੩/੩੬੧)

ਗੁਰੂ ਜੀ ਦੀ ਮਤਿ ਲੈ ਕੇ ਜਿਸ ਮਨੁੱਖ ਨੇ ਸਤਸੰਗ-ਸਰੋਵਰ ਵਿਚ ਵਾਹਿਗੁਰੂ ਜੀ ਦੇ ਨਾਮ-ਜਲ ਨਾਲ ਇਸ਼ਨਾਨ ਕੀਤਾ, ਉਸ ਨੇ ਭੈੜੀ ਖੋਟੀ ਮਤਿ ਦੀ ਮੈਲ ਧੋ ਲਈ ਉਸ ਨੇ ਆਪਣੇ ਅੰਦਰੋਂ ਸਾਰਾ ਪਾਪ ਦੂਰ ਕਰ ਲਿਆ :

ਗੁਰਮਤਿ ਸਤਿਸਰਿ ਹਰਿ ਜਲ ਨਾਇਆ ॥
ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥

(ਆਸਾ ਮ: ੩/੩੬੨)

ਹੇ ਮੇਰੀ ਸੋਹਣੀ ਜਿੰਦੇ ! ਗੁਰੂ ਦੀ ਮਤਿ ਉੱਤੇ ਤੁਰ ਕੇ ਇਸ ਮਨ ਨੂੰ ਵਾਹਿਗੁਰੂ ਜੀ ਦੇ ਚਰਨਾਂ ਵਿਚ ਟਿਕਾਉਣਾ ਚਾਹੀਦਾ ਹੈ। ਗੁਰੂ ਜੀ ਦੀ ਮਤ ਦੀ ਬਰਕਤਿ ਨਾਲ ਮਨ ਕਿਸੇ ਹੋਰ ਪਾਸੇ ਨਹੀਂ ਡੋਲਦਾ :

ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ
ਅਨਤ ਨ ਕਾਹੂ ਡੋਲੇ ਰਾਮ ॥

(ਬਿਹਾਗੜਾ ਮ: ੪/੫੩੮)

ਹੇ ਭਾਈ ! ਗੁਰੂ ਦੀ ਮਤਿ ਉੱਤੇ ਤੁਰ ਕੇ ਵਾਹਿਗੁਰੂ ਜੀ ਦੀ ਸਿਫਤਿ-ਸਾਲਾਹ ਕਰਨੀ–ਇਹ ਹੀ ਵਾਹਿਗੁਰੂ ਜੀ ਦੇ ਦਰ ਤੱਕ ਪਹੁੰਚਣ ਲਈ ਸਭ ਤੋਂ ਉੱਚੀ ਪਉੜੀ ਹੈ। ਇਸ ਸਰੇਸ਼ਟ ਗਿਆਨ ਦੀ ਬਰਕਤਿ ਨਾਲ ਮਨੁੱਖ ਆਪਣੇ ਅੰਦਰੋਂ ਹਉਮੈ ਮਾਰ ਮੁਕਾਉਂਦਾ ਹੈ :

ਗੁਰਮਤਿ ਊਚੋ ਊਚੀ ਪਉੜੀ
ਗਿਆਨਿ ਰਤਨਿ ਹਉਮੈ ਮਾਰੀ ਹੇ ॥
(ਮਾਰੂ ਸੋਲਹੇ ਮ: ੩/੧੦੫੦)

ਹੇ ਅੰਞਾਣ ! ਸਤਿਗੁਰੂ ਜੀ ਦੀ ਮਤਿ ਲੈ, ਭਾਵ ਸਿੱਖਿਆ ਤੇ ਤੁਰ, ਬੜੇ ਸਿਆਣੇ ਸਿਆਣੇ ਬੰਦੇ ਭੀ ਭਗਤੀ ਤੋਂ ਬਿਨਾਂ ਵਿਕਾਰਾਂ ਵਿਚ ਹੀ ਡੁੱਬ ਜਾਂਦੇ ਹਨ :

ਗੁਰ ਕੀ ਮਤਿ ਤੂੰ ਹੀ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥
(ਗਉੜੀ ਸੁਖਮਨੀ ਮ. ੫/੨੮੮)

ਜਿਹੜਾ ਪ੍ਰਾਣੀ ਗੁਰੂ ਜੀ ਦੀ ਮਤਿ ਤੇ ਤੁਰ ਕੇ ਵਾਹਿਗੁਰੂ ਜੀ ਨਾਲ ਪਿਆਰ ਕਰਨਾ ਸਿੱਖਦਾ ਹੈ ਵਾਹਿਗੁਰੂ ਜੀ ਦੀ ਭਗਤੀ ਕਰਦਾ ਹੈ, ਉਹ ਗੁਰੂ ਜੀ ਦੇ ਸ਼ਬਦ ਵਿਚ ਜੁੜਕੇ ਆਪਣੇ ਅੰਦਰੋਂ ਹਉਮੈ ਨੂੰ ਸਾੜ ਦੇਂਦਾ ਹੈ, ਮਾਇਆ ਵੱਲ ਦੌੜਦੇ ਮਨ ਨੂੰ ਬਚਾ ਲੈਂਦਾ ਹੈ, ਬਾਹਰ ਜਾਂਦੇ ਮਨ ਨੂੰ ਰੋਕ ਕੇ ਆਪਣੇ ਅੰਦਰ ਹੀ ਟਿਕਾ ਲੈਂਦਾ ਹੈ, ਉਹ ਪ੍ਰਾਣੀ ਪਰਮਾਤਮਾ ਜੀ ਦਾ ਸਦਾ ਥਿਰ ਨਾਮ ਆਪਣੇ ਮਨ ਵਿਚ ਵਸਾ ਲੈਂਦਾ ਹੈ :

ਭਾਉ ਭਗਤਿ ਗੁਰਮਤੀ ਪਾਏ ॥
ਹਉਮੈ ਵਿਚਹੁ ਸਬਦਿ ਜਲਾਇ ॥
ਧਾਵਤੁ ਰਾਖੈ ਠਾਕਿ ਰਹਾਏ ॥
ਸਚਾ ਨਾਮੁ ਮੰਨਿ ਵਸਾਏ ॥ (ਪ੍ਰਭਾਤੀ ਮ. ੧/੧੩੪੨)

ਜਿਹੜੀ ਜੀਵ-ਇਸਤ੍ਰੀ ਗੁਰੂ ਜੀ ਦੀ ਮਤਿ ਲੈ ਕੇ ਸਦਾ-ਥਿਰ ਵਾਹਿਗੁਰੂ ਜੀ ਦੇ ਨਾਮ ਵਿਚ ਲੀਨ ਹੋ ਜਾਂਦੀ ਹੈ, ਉਹ ਆਪਣੇ ਅੰਦਰੋਂ ਹਉਮੈ ਦੀ ਮੈਲ ਦੂਰ ਕਰ ਲੈਂਦੀ ਹੈ, ਉਹ ਪਵਿੱਤਰ ਜੀਵਨ ਵਾਲੀ ਬਣ ਜਾਂਦੀ ਹੈ :

ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥
(ਸੂਹੀ ਮ. ੪/੭੭੦)

ਹੇ ਜੀਵ-ਇਸਤ੍ਰੀਏ ! ਇਸ ਤਰੀਕੇ ਨਾਲ ਹੀ ਭਾਵ, ਉਸ ਵਾਹਿਗੁਰੂ ਜੀ ਦੇ ਅੰਗ ਸੰਗ ਹੋਣ ਤੇ ਹੀ ਯਕੀਨ ਕੀਤਿਆਂ ਹੀ ਪਤੀ-ਪਰਮਾਤਮਾ ਜੀ ਮਿਲਦਾ ਹੈ, ਜਿਸ ਨੂੰ ਮਿਲ ਪਿਆ ਹੈ ਉਸ ਜੀਵ-ਇਸਤ੍ਰੀ ਦਾ ਚੰਗਾ ਭਾਗ ਜਾਗ ਪਿਆ ਹੈ, ਉਹ ਪਤੀ-ਪਰਮੇਸ਼ਰ ਦੀ ਪਿਆਰੀ ਹੋ ਗਈ ਹੈ। ਗੁਰੂ ਜੀ ਦੀ ਮਤਿ ਲੈ ਕੇ ਗੁਰੂ ਜੀ ਦੇ ਸ਼ਬਦ ਦੀ ਰਾਹੀਂ ਉਹ ਜੀਵ-ਇਸਤ੍ਰੀ ਵਿਚਾਰਵਾਨ ਹੋ ਜਾਂਦੀ ਹੈ, ਜਾਤਿ ਵਰਨ ਕੁਲ ਆਦਿਕ ਬਾਰੇ ਉਸ ਦਾ ਭਰਮ ਦੂਰ ਹੋ ਜਾਂਦਾ ਹੈ :

ਇਨ ਬਿਧਿ ਹਰਿ ਮਿਲੀਐ
ਵਰ ਕਾਮਨਿ ਧਨ ਸੋਹਾਗੁ ਪਿਆਰੀ ॥
ਜਾਤਿ ਬਰਨ ਕੁਲ ਸਹਸਾ ਚੂਕਾ
ਗੁਰਮਤਿ ਸਬਦਿ ਬੀਚਾਰਿ ॥ (ਸਾਰੰਗ ਮ: ੧/੧੧੯੮)

ਹੰਕਾਰ ਬੜਾ ਬਲੀ ਹੈ ਗੁਰੂ ਜੀ ਦੀ ਸ਼ਰਨ ਪੈਣ ਤੋਂ ਬਿਨਾ ਇਸ ਹੰਕਾਰ ਨੂੰ ਅੰਦਰੋਂ ਮਿਟਾਇਆ ਨਹੀਂ ਜਾ ਸਕਦਾ। ਜਿਹੜਾ ਪ੍ਰਾਣੀ ਗੁਰੂ ਜੀ ਦੀ ਸਿੱਖਿਆ ਧਾਰਨ ਕਰਦਾ ਹੈ ਉਹ ਹੰਕਾਰ ਮਿਟਾ ਕੇ ਧੀਰਜ ਧਰਦਾ ਹੈ, ਧੀਰਜ ਬੜਾ ਉੱਚਾ ਧਰਮ ਹੈ। ਸੋ ਗੁਰੂ ਜੀ ਦੀ ਸਿੱਖਿਆ ਤੇ ਤੁਰਿਆਂ ਹੀ ਵਾਹਿਗੁਰੂ ਜੀ ਦੀ ਨਾਮ ਪ੍ਰਾਪਤ ਹੁੰਦਾ ਹੈ। ਤੇ ਜੀਵ ਵਾਹਿਗੁਰੂ ਜੀ ਦੀ ਸਿਫਤਿ-ਸਾਲਾਹ ਕਰਦਾ ਹੈ :

ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥
ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥
ਨਾਨਕ ਨਾਮੁ ਮਿਲੈ ਗੁਣ ਗਾਇ ॥ (ਗਉੜੀ ਮ: ੧/੨੨੫)

ਅਸਲ ਜੋਗੀ ਦੀ ਰਹਿਤ-ਬਹਿਤ ਇਹ ਹੈ ਕਿ ਉਹ ਅਡੋਲਤਾ ਦੇ ਘਰ ਵਿਚ ਟਿਕਿਆ ਰਹਿੰਦਾ ਹੈ, ਉਹ ਦਾ ਮਨ ਸਦਾ ਸ਼ਾਂਤ ਰਹਿੰਦਾ ਹੈ। ਉਹ ਸਮਾਨ ਨਿਗ੍ਹਾ ਨਾਲ ਸਭ ਜੀਵਾਂ ਵਿਚ ਇਕ ਪਰਮਾਤਮਾ ਜੀ ਨੂੰ ਹੀ ਰਮਿਆ ਹੋਇਆ ਵੇਖਦਾ ਹੈ, ਗੁਰੂ ਜੀ ਦੇ ਸ਼ਬਦ ਵਿਚ ਜੁੜ ਕੇ ਉਹ ਪ੍ਰੇਮ-ਭਿੱਛਿਆ ਨਾਲ ਆਪਣੀ ਆਤਮਕ ਭੁੱਖ ਮਿਟਾਉਂਦਾ ਹੈ ਆਪਣੇ ਮਨ ਨੂੰ ਤ੍ਰਿਸ਼ਨਾ ਵੱਲੋਂ ਬਚਾਈ ਰਖਦਾ ਹੈ।

ਪਰ ਜਿਹੜਾ ਜੋਗੀ ! ਅੰਨ ਬਸਤ੍ਰ ਹੀ ਮੰਗਦਾ ਫਿਰਦਾ ਹੈ, ਇਥੇ ਚੰਦਰੀ ਭੁੱਖ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਕੋਈ ਆਤਮਿਕ ਪੂੰਜੀ ਤਾਂ ਬਣਾਉਂਦਾ ਹੀ ਨਹੀਂ, ਇਸ ਵਾਸਤੇ ਅਗਾਂਹ ਪਰਲੋਕ ਵਿਚ ਭੀ ਦੁੱਖ ਪਾਉਂਦਾ ਹੈ। ਜਿਸ ਜੋਗੀ ਨੇ ਗੁਰੂ ਦੀ ਮਤਿ ਨਾ ਲਈ ਉਸ ਨੇ ਭੈੜੀ ਮੱਤੇ ਲੱਗ ਕੇ ਆਪਣੀ ਇੱਜ਼ਤ ਗਵਾ ਲਈ।

ਕੋਈ ਕੋਈ ਵਡ-ਭਾਗੀ ਮਨੁੱਖ ਗੁਰੂ ਦੀ ਸਿੱਖਿਆ ਉੱਤੇ ਤੁਰ ਕੇ ਵਾਹਿਗੁਰੂ ਜੀ ਦੀ ਭਗਤੀ ਦਾ ਲਾਹਾ ਖੱਟਦਾ ਹੈ :

ਜੋਗੀ ਜੁਗਤਿ ਸਹਜਿ ਘਰਿ ਵਾਸੈ ॥
ਏਕ ਦ੍ਰਿਸਟਿ ਏਕੋ ਕਰਿ ਦੇਖਿਆ
ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ਰਹਾਉ॥
ਛਾਦਨੁ ਭੋਜਨੁ ਮਾਗਤੁ ਭਾਗੈ ॥
ਖੁਧਿਆ ਦੁਸਟ ਜਲੈ ਦੁਖੁ ਆਗੈ ॥
ਗੁਰਮਤਿ ਨਹੀਂ ਲੀਨੀ ਦੁਰਮਤਿ ਪਤਿ ਖੋਈ ॥
ਗੁਰਮਤਿ ਭਗਤਿ ਪਾਵੈ ਜਨੁ ਕੋਈ ॥

(ਰਾਮਕਲੀ ਮ. ੧/੮੭੯)

ਜਿਹੜਾ ਪ੍ਰਾਣੀ ਪਾਣੀ ਰਿੜਕਦਾ ਹੈ ਪਰ ਮੱਖਣ ਹਾਸਲ ਕਰਨਾ ਚਾਹੁੰਦਾ ਹੈ, ਉਹ ਅਕਲੋਂ ਅੰਨ੍ਹਾ ਹੈ ਉਹ ਅਗਿਆਨੀ ਹੈ। ਜੇ ਦਹੀਂ ਰਿੜਕੀਏ ਤਾਂ ਮੱਖਣ ਲੱਭਦਾ ਹੈ। ਇਸੇ ਤਰ੍ਹਾਂ ਜੇ ਗੁਰੂ ਦੀ ਮਤਿ ਲਈਏ ਤਾਂ ਵਾਹਿਗੁਰੂ ਜੀ ਦਾ ਨਾਮ ਮਿਲਦਾ ਹੈ ਜੋ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ। ਪਰ ਆਪਣੇ ਮਨ ਦੇ ਪਿੱਛੇ ਲੱਗਣ ਵਾਲੇ ਮਨੁੱਖ ਇਸ ਭੇਤ ਨੂੰ ਨਹੀਂ ਸਮਝਦੇ, ਉਹ ਪਸ਼ੂ-ਬ੍ਰਿਤੀ ਵਿਚ ਟਿਕੇ ਰਹਿੰਦੇ ਹਨ।

ਹਉਮੈ ਤੇ ਮਮਤਾ ਨਿਰੀ ਆਤਮਕ ਮੌਤ ਹੈ, ਇਸ ਆਤਮਕ ਮੌਤੇ ਮਰ ਕੇ ਜੀਵ ਮੁੜ ਮੁੜ ਜੰਮਦਾ ਮਰਦਾ ਹੈ। ਜੋ ਪ੍ਰਾਣੀ ਗੁਰੂ ਦੇ ਸ਼ਬਦ ਦੀ ਰਾਹੀਂ ਇਸ ਹਉਮੈ ਤੇ ਮਮਤਾ ਵਲੋਂ ਸਦਾ ਲਈ ਤਰਕ ਕਰ ਲਏ ਤਾਂ ਉਹ ਮੁੜ ਕਦੇ ਆਤਮਕ ਮੌਤ ਨਹੀਂ ਸਹੇੜਦਾ। ਗੁਰੂ ਜੀ ਦੀ ਸਿੱਖਿਆ ਦੀ ਬਰਕਤਿ ਨਾਲ ਜਿਸ ਮਨੁੱਖ ਦੇ ਮਨ ਵਿਚ ਜਗਤ ਦਾ ਜੀਵਨ

ਪਰਮਾਤਮਾ ਵੱਸਦਾ ਹੈ [illegible] ਸਾਰੀਆਂ [illegible] ਤੋਂ ਬੇਚਾ [illegible] [illegible]

ਮਨਮੁਖ ਤਤੁ ਨ ਜਾਣਨੀ [illegible]

[illegible] ਮਨਿ [illegible]

ਗੁਰ ਕੈ ਸਬਦਿ ਜੋ [illegible]

ਗੁਰਮਤੀ ਜਗਜੀਵਨੁ [illegible] ਉਧਾਰਣਹਾਰ ॥

([illegible] ੧/੧੦੦੯)

ਨਾਮ ਸੰਸਕ੍ਰਿਤ ਦੇ ਸ਼ਬਦ 'ਨਾਮਨ' ਤੋਂ ਵਿਗੜ ਕੇ ਬਣਿਆ ਹੈ। ਇਸ ਦਾ ਧਾਤੂ 'ਮਨਾ' ਜਿਸ ਦਾ ਅਰਥ ਮਨ [illegible]। ਯਾਦ ਰਹੇ ਕਿ ਪੰਜਾਬ ਦੀ ਪਹਿਲੀ ਬੋਲੀ ਸੰਸਕ੍ਰਿਤ ਸੀ, ਸੰਸਕ੍ਰਿਤ ਤੋਂ ਬਿਗੜ ਕੇ ਪ੍ਰਾਕ੍ਰਿਤ ਹੋਈ। ਪ੍ਰਾਕ੍ਰਿਤ ਤੋਂ ਵਿਗੜ ਕੇ ਪੰਜਾਬੀ ਹੋਈ। ਭਾਈ ਵੀਰ ਸਿੰਘ, ਪੰਡਿਤ [illegible] ਤੇ ਭਾਈ ਕਾਨ੍ਹ ਸਿੰਘ ਨਾਭਾ, ਅਨੁਸਾਰ ਕੋਸ਼ ਅਨੁਸਾਰ ਨਾਮ ਦਾ ਸੰਸਕ੍ਰਿਤ ਰੂਪ ਨਾਮਨ ਹੈ, ਜਿਸ ਦਾ ਧਾਤੂ ਹੈ 'ਮਨ' [illegible] ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ ਨਾਮ। [illegible] ਗੁਰਬਾਣੀ ਵਿਚ ਨਾਮ [illegible] ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਵੀ ਹੈ। ਭਾਈ ਵੀਰ ਸਿੰਘ ਜੀ ਅਨੁਸਾਰ ਗੁਰਬਾਣੀ ਵਿਚ ਨਾਮ ਪਦ ਵਿਸ਼ੇਸ਼ ਕਰਕੇ 'ਪਰਮੇਸ਼ਰ ਦੇ ਰੂਪ' ਦਾ ਵਾਚਕ ਹੋ ਕੇ ਆਇਆ ਹੈ ਨਾਮ (ਪਰਮਾਤਮਾ ਅਤੇ ਮਨੁੱਖੀ ਚੇਤਨਾ) ਦੋਹਾਂ ਦੇ ਵਿਚਾਲੇ ਸੱਤਾ ਹੈ ਨਾਮ ਵਾਹਿਗੁਰੂ ਜੀ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ। ਭਾਈ ਜੋਧ ਸਿੰਘ ਅਨੁਸਾਰ ਨਾਮ ਨਿਰੰਜਨ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸਨੂੰ ਧਾਰ ਰਿਹਾ ਹੈ। ਡਾ. ਤਾਰਨ ਸਿੰਘ ਨੇ ਨਾਮ ਨੂੰ ਸਦਾਚਾਰਕ ਗੁਣਾਂ ਨਾਲ ਅਭੇਦ ਕੀਤਾ ਹੈ, 'ਨਾਮ ਦਾ ਸਰੂਪ ਕੋਈ ਨਾ ਕੋਈ ਸਦਾ-

ਧਾਰਕ ਗੁਣ ਹੀ। ਸ਼ਖਸੀਅਤ ਦੀ ਕੋਈ ਵੱਸਫ਼ ਨਿਮਰਤਾ, ਮਿਠਾਸ, ਨੇਕ-ਨੀਤੀ, ਸੱਚ ਦਾ ਪਿਆਰ, ਨਿਆਂ, ਹੱਕ ਪਰਾਏ ਦੀ ਸ਼ਾਖ਼ ਨੂੰ ਲਾਲਚ ਦਾ ਤਿਆਗ਼, ਕਾਮਾਦਿਕਾਂ ਦੀ ਗ਼ੁਲਾਮੀ ਤੋਂ, ਮੋਹ ਤੋਂ ਉੱਠਣਾ, ਖ਼ੁਦਗਰਜ਼ੀ ਨਾਸ਼। ਸੋਹਣ ਸਿੰਘ ਅਨੁਸਾਰ 'ਨਾਮ' ਦਾ ਭਾਵ 'ਜੋਤਿ' ਜਾਂ 'ਆਤਮਾ' ਹੈ। ਹਰੇਕ ਵਿਅਕਤੀ 'ਨਾਮ' ਅਤੇ 'ਰੂਪ' ਦਾ ਸਮੂਹਕ ਹੈ, ਪਰ ਪਰਮਾਤਮਾ ਨੂੰ ਕਿਸੇ ਵਿਸ਼ੇਸ਼ ਰੂਪ ਵਿਚ ਦਰਸਾਇਆ ਨਹੀਂ ਜਾ ਸਕਦਾ। (ਇਸ ਲਈ) ਉਹ ਕੇਵਲ 'ਨਾਮ' ਅਰਥਾਤ 'ਆਤਮਾ' ਜਾਂ 'ਜੋਤਿ' ਹੈ। ਪ੍ਰੋ. ਸਤਬੀਰ ਸਿੰਘ ਅਨੁਸਾਰ ਨਾਮ ਇਕ ਐਸੀ ਕੇਂਦਰੀ ਦੌੜਦੀ ਰੌ ਹੈ ਜੋ ਬ੍ਰਹਿਮੰਡ ਤੋਂ ਪਿੰਡ ਵਿਚ ਕਾਰਨ ਇਕ-ਸਾਰ ਹੈ। ਇਕ ਸੁਰ ਹੋ ਕੇ ਸਰਬ-ਵਿਆਪਕਤਾ ਦੇ ਰੂਪ ਵਿਚ ਅਟੱਲ ਵਿਚਰ ਰਹੀ ਹੈ।

ਕੋਸ਼-ਅਰਥਾਂ, ਵਿਦਵਾਨਾਂ ਦੇ ਵਿਚਾਰਾਂ ਅਤੇ ਗੁਰਬਾਣੀ ਨੂੰ ਧਿਆਨ ਵਿਚ ਰੱਖਦਿਆਂ ਇਹ ਨਿਰਣਾ ਲਿਆ ਜਾ ਸਕਦਾ ਹੈ ਕਿ 'ਨਾਮ', 'ਪਰਮ-ਸਤਿ' ਦੀ 'ਚੇਤਨ-ਸਤਾ' ਹੈ ਜੋ ਸੂਖਮ ਤੋਂ ਸੂਖਮ ਅਤੇ ਸਥੂਲ ਤੋਂ ਸਥੂਲ ਰਚਨਾ ਵਿਚ ਭੀ ਵਿਆਪਕ ਹੈ ਅਤੇ ਇਸ ਦਾ ਟਿਕਾਣਾ ਹਰੇਕ ਮਨੁੱਖੀ ਹਿਰਦੇ ਵਿਚ ਭੀ ਹੈ। ਇਸ ਦਾ ਅਨੁਭਵ ਹੀ 'ਨਾਮ' ਦਾ ਅਨੁਭਵ ਹੈ ਅਤੇ ਨਾਮ ਦਾ ਅਨੁਭਵ ਪਰਮਾਤਮਾ-ਅਨੁਭਵ ਹੈ। ਵਾਹਿਗੁਰੂ ਜੀ ਦਾ 'ਰੂਪ' ਕੋਈ ਨਹੀਂ, ਉਹ ਕੇਵਲ 'ਨਾਮ' ਹੈ। ਸਤਿ, ਸੱਚ, ਨਿਰੰਕਾਰ, ਨਾਮ ਸ਼ਬਦ ਦੀ ਅਭੇਦਤਾ, ਨਿਰੰਕਾਰ ਦਾ 'ਨਾਮ' ਅਤੇ ਨਿਰੰਕਾਰ ਅਭੇਦ ਹਨ। ਵਾਹਿਗੁਰੂ ਜੀ ਦਾ ਨਾਮ ਵਾਹਿਗੁਰੂ ਜੀ ਦੀ ਚੇਤਨ-ਸਤਾ ਹੋਣ ਕਾਰਣ ਪਰਮਾਤਮ ਗੁਣਾਂ ਧਾਰਦੀ ਹੈ। ਨਾਮ ਵਿਚ ਨਾਮੀ ਦੇ ਸਾਰੇ ਗੁਣ ਵਿਦਮਾਨ ਹਨ। ਪਰਮਾਤਮਾ ਨਿਰੰਜਨ, ਨਿਰੰਕਾਰ, ਅਗੰਮ, ਅਗੋਚਰ, ਅਲਖ ਅਤੇ ਅਬਿਨਾਸ਼ੀ ਹੈ। ਇਹੋ ਗੁਣ 'ਨਾਮ' ਵਿਚ ਹਨ :

ਨਾਮ ਨਿਰੰਜਨ ਅਲਖ ਹੈ ॥ (੧੨੪੨)

ਨਾਉ ਤੇਰਾ ਨਿਰੰਕਾਰ ਹੈ ॥ (੪੬੫)

ਹਰਿਨਾਮ ਹਮਾਰਾ ਪ੍ਰਭ ਅਬਿਗਤ ਅਗੋਚਰ
ਅਬਿਨਾਸ਼ੀ ਪੁਰਖ ਬਿਧਾਤਾ ॥ (੫੯੨)

ਆਦਿ ਅਨੇਕ ਪ੍ਰਮਾਣਾਂ ਵਿਚ ਨਿਰੰਕਾਰ ਅਤੇ ਨਿਰੰਕਾਰ ਨਾਮ ਦੇ ਸਮੀਪ ਲੱਛਣ ਦੱਸੇ ਹਨ।

ਨਾਮ ਅਤੇ ਸੱਚ ਅਭੇਦਤਾ : ਗੁਰਬਾਣੀ ਵਿਚ 'ਸਤਿ' ਸੱਚ ਅਤੇ 'ਨਾਮ' ਨੂੰ ਸਮਾਨਾਰਥੀ ਭਾਵਾਂ ਵਿਚ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਨਾਮ ਦਾ ਪਿਆਰ ਸੱਚ ਦਾ ਪਿਆਰ ਹੈ। ਸੱਚ ਦਾ ਪਿਆਰ ਪਰਮਾਤਮ ਪਿਆਰ ਹੈ। ਨਾਮ ਅਤੇ ਸੱਚ ਇਕੋ ਹਨ :

ਸਚੁ ਮਿਲੈ ਸੰਤੋਖੀਆ, ਹਰਿ ਜਪਿ ਏਕੈ ਭਾਇ ॥ (੧੩)

ਨਾਮ ਸੱਚ ਦੀ ਅਤੇ ਸੱਚ ਸਦੀਵ ਦੀ ਸੋਝੀ ਹੈ ਕਿਉਂਕਿ ਨਾਮ ਸਤਿ ਦੀ ਹੀ ਸਤਯਤਾ ਹੈ। ਸੱਚ ਦਾ ਸਿਮਰਨ ਨਾਮ ਸਿਮਰਨ ਹੈ :

ਸੱਚ ਸਿਮਰੀਐ ਹੋਵੈ ਪਰਗਾਸ ॥ (੬੬੧)

ਜਿਵੇਂ ਨਾਮ ਪਾਪਾਂ ਦੀ ਮੈਲ ਧੋ ਕੱਢਦਾ ਹੈ ਤਿਵੇਂ 'ਸੱਚ' ਸਭਨਾਂ ਪਾਪਾਂ ਨੂੰ ਦੂਰ ਕਰਨ ਦਾ ਦਾਰੂ ਹੈ। ਸੱਚ ਦਾ ਧਾਰਨੀ ਹੀ ਅਸਲ ਅਰਥਾਂ ਵਿਚ ਨਾਮ ਦਾ ਧਾਰਨੀ ਹੁੰਦਾ ਹੈ :

ਜਿਸ ਦੇ ਅੰਦਰ ਸਚੁ ਹੈ
ਸੋ ਸੱਚਾ ਨਾਮੁ ਮੁਖਿ ਸਚੁ ਅਲਾਏ ॥ (੧੪੦)

ਜਿਵੇਂ ਨਿਰਭਉ ਨਾਮ ਜੀਵ ਦੇ ਸਾਰੇ ਡਰ ਦੂਰ ਕਰਦਾ ਹੈ, ਤਿਵੇਂ ਸੱਚ 'ਭਉ' ਨੂੰ ਖ਼ਤਮ ਕਰ ਦਿੰਦਾ ਹੈ। ਨਾਮ ਨੂੰ ਸੱਚ ਦੀ ਪ੍ਰਾਪਤੀ ਦਾ 'ਸਾਧਨ' ਵੀ ਕਿਹਾ ਹੈ। ਨਾਮ ਸਿਮਰਨ ਰਾਹੀਂ ਮਨੁੱਖ ਹਉਮੈ ਦੂਰ ਕਰਕੇ ਅੰਦਰੋਂ ਬਾਹਰ ਨਿਰਮਲ ਹੋ ਜਾਂਦਾ ਹੈ ਅਤੇ ਸੱਚ-ਸਰੂਪ ਹੋ ਕੇ ਸੱਚ ਵਿਚ ਸਮਾ ਜਾਂਦਾ ਹੈ :

ਜਿਨੀ ਗੁਰਮੁਖਿ ਨਾਮ ਧਿਆਇਆ. ....
ਸਚੇ ਸਚਿ ਸਮਾਇ ॥

ਸੱਚ ਤੇ ਨਾਮ ਉਤ-ਪੋਤ ਹਨ। ਗੁਰੂ ਨਾਨਕ ਦੇਵ ਜੀ ਨੇ ਇਸੇ ਲਈ :

ਮੈਂ ਦੀਜੈ ਨਾਮੁ ਨਿਵਾਸੁ...... (੭੫੨)
ਕਰ ਜੋੜਿ ਨਾਨਕ ਸਚੁ ਮਾਗੈ ॥ (੮੪੪)

ਦੀ ਯਾਚਨਾ ਕੀਤੀ ਹੈ।

ਨਾਮ ਅਤੇ ਸ਼ਬਦ ਅਭੇਦਤਾ : ਸੱਚ ਤੋਂ ਇਲਾਵਾ ਨਾਮ, ਸ਼ਬਦ, ਓਅੰਕਾਰ, ਹਰਿ ਜਨ, ਹੁਕਮਿ, ਧੁਨਿ ਵੀ ਸਮਾਨਰਥੀ ਹੈ। ਗੁਰਬਾਣੀ ਵਿਚ 'ਸ਼ਬਦ' ਦੀ ਵਰਤੋਂ ਦੋ ਅਰਥਾਂ ਵਿਚ ਕੀਤੀ ਗਈ ਹੈ। ਪਹਿਲੇ ਅਰਥਾਂ ਵਿਚ ਸ਼ਬਦ 'ਨਾਮ' ਦਾ ਸਮਾਰਥੀ ਹੈ। 'ਨਾਮ' ਤੁਲ ਹੀ ਸ਼ਬਦ ਤੋਂ ਰਚਨਾ, ਸੰਭਾਲ, ਸ਼ਬਦ ਦੀ ਵਿਦਮਾਨਤਾ ਅਤੇ ਸ਼ਬਦ ਰਾਹੀਂ ਰਚਨਾ ਦੀ ਸਮਾਪਤੀ ਦੇ ਕਈ ਪ੍ਰਸੰਗ ਗੁਰਬਾਣੀ ਵਿਚ ਪ੍ਰਾਪਤ ਹਨ। ਬਹੁਤ ਵਾਰੀ 'ਸ਼ਬਦ' ਅਤੇ 'ਨਾਮ' ਨੂੰ ਇਕੋ ਸ਼ਬਦ ਵਿਚ ਇਕੋ ਭਾਵ ਲਈ ਵਰਤਿਆ ਗਿਆ ਹੈ। ਸ਼ਬਦ ਇੱਕ ਵਚਨ ਕੇਵਲ ਨਾਮ 'ਵਾਹਿਗੁਰੂ ਜੀ ਲਈ ਵਰਤਿਆ ਹੈ :

ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ
ਰਾਮ ਨਾਮ ਬਿਨਾ ਬਿਨ ਉਰਝਿ ਮਰੈ ॥(ਭੈਰਉ ਮ: ੧/੧੧੨੭)

ਹਰ ਲਿਹਾਜ ਨਾਲ ਸ਼ਬਦ ਅਤੇ ਨਾਮ ਅਭੇਦ ਹਨ। ਸ਼ਬਦ ਦੀ ਸਾਰੀ ਕਿਰਿਆ ਨਾਮ ਦੀ ਕਿਰਿਆ ਹੈ। ਕਿਉਂਕਿ ਇਹ ਵੀ ਵਾਹਿਗੁਰੂ ਜੀ ਦਾ ਹੀ ਪ੍ਰਗਟਾਵਾ ਹੈ। ਸ਼ਬਦ ਦਾ ਦੂਜਾ ਭਾਵ ਗੁਰੂ ਦੀ ਸਿੱਖਿਆ, ਗੁਰ ਉਪਦੇਸ਼, ਗੁਰਵਾਕ, ਸਤਿਗੁਰ ਬਚਨ ਜਾਂ ਗੁਰਬਾਣੀ ਤੋਂ ਮੁਰਾਦ ਹੈ, ਜਿਸ ਵਿਚ ਨਾਮ ਦੀ ਮਹਿਮਾ, ਨਾਮ ਦਾ ਗਿਆਨ, ਨਾਮ ਦੀ ਸਰਬ-ਵਿਆਪਕਤਾ, ਨਾਮ ਸਿਮਰਨ ਦੀ ਆਵਸ਼ਕਤਾ ਅਤੇ ਨਾਮ ਤੋਂ ਪ੍ਰਾਪਤ ਹੋਣ ਵਾਲੇ ਫ਼ਲ ਦੱਸੇ ਹਨ। ਗੁਰਬਾਣੀ ਦੇ ਪੜ੍ਹਨ ਸੁਣਨ, ਮੰਨਣ ਅਤੇ ਵੀਚਾਰਨ ਤੋਂ ਨਾਮੁ ਦੀ ਪ੍ਰਾਪਤੀ ਦੱਸੀ ਗਈ ਹੈ :

ਹਉਮੈ ਮੇਰਾ ਸਬਦੇ ਖੋਈ,
ਨਿਰਮਲੁ ਨਾਮੁ ਵਸੈ ਮਨਿ ਸੋਈ ॥......
ਸਬਦੇ ਨਾਮੁ ਰਖੈ ਉਰਧਾਰਿ,
ਸਬਦੇ ਗਤਿ ਮਤਿ ਮੋਖ ਦੁਆਰੁ ॥ (ਪ੍ਰਭਾਤੀ ਮ. ੧/੧੩੪੨)

ਸੱਚ ਦਾ ਪ੍ਰਗਟਾਅ ਗੁਰੂ ਰਾਹੀਂ ਗੁਰ-ਸ਼ਬਦ ਤੋਂ ਹੁੰਦਾ ਹੈ ਤੇ ਸਾਧਕ ਨੂੰ ਜਿਸ ਸ਼ਬਦ ਦੁਆਰਾ ਸੱਚ ਦੇ ਗਿਆਨ ਧਿਆਨ ਦੀ ਸਿੱਖਿਆ

ਮਿਲਦੀ ਹੈ, ਉਸਨੂੰ 'ਨਾਮ' ਕਿਹਾ ਜਾਂਦਾ ਹੈ। ਸ਼ਬਦ ਨਾਮ ਦਾ ਹੀ ਵਿਅਕਤੀ ਅਤੇ ਸਥੂਲ ਰੂਪ ਹੈ। ਇਸ ਵਿਚ ਨਿਗਰਤਾ ਹੈ, ਇਸਨੂੰ ਅਰਥ-ਭਰਪੂਰ ਬੋਲੀ ਵਿਚ ਬੋਲਿਆਂ ਜੋ ਲਿਖਿਆ ਜਾਂਦਾ ਹੈ ਜਦ ਕਿ ਨਾਮ ਸਿਧਾਂਤਕ ਹੈ। ਸ਼ਬਦ ਅਤੇ ਨਾਮ ਦੋਵੇਂ ਉਸ ਰਹੱਸਮਈ ਪਰਮ-ਸੱਤ ਦੇ ਬਾਹਰੀ ਅਤੇ ਅੰਤਰੀਵ ਪੱਖ ਹਨ।

ਨਾਮ ਅਤੇ ਓਅੰਕਾਰ ਅਭੇਦਤਾ : ਗੁਰਬਾਣੀ ਵਿਚ 'ਓਅੰਕਾਰ' ਅਤੇ 'ਨਾਮ' ਦੀ ਸਮਾਨਤਾ ਅਤੇ ਅਭੇਦਤਾ ਦੀਆਂ ਉਦਾਹਰਣਾਂ ਵੀ ਪ੍ਰਾਪਤ ਹਨ :

ਓਅੰਕਾਰਿ ਉਤਪਤੀ ॥ (੧੦੬੧)

ਨਾਮੇ ਹੀ ਤੇ ਸਭੁ ਕਿਛੁ ਹੋਆ ॥ (੭ ਪਿਛ)

ਪੰਗਤੀਆਂ ਤੋਂ 'ਓਅੰਕਾਰ' ਅਤੇ 'ਨਾਮ' ਦੀ ਰਚਨਾਤਮਕ ਸ਼ਕਤੀ ਦੀ ਇਕ-ਰੂਪਤਾ ਦਾ ਪ੍ਰਮਾਣ ਮਿਲਦਾ ਹੈ। ਗੁਰੂ ਨਾਨਕ ਦੇਵ ਜੀ 'ਓਅੰਕਾਰ' ਵਾਂਗ ਹੀ 'ਨਾਮ' ਤੇ 'ਸ਼ਬਦ' ਨੂੰ ਬ੍ਰਹਮ ਦਾ ਵਾਚਕ ਸਵੀਕਾਰ ਕਰਦੇ ਹਨ। ਰਚਨਾ-ਸਿਧਾਂਤ ਦ੍ਰਿਸ਼ਟੀ ਤੋਂ 'ਨਾਮ' ਅਤੇ 'ਹੁਕਮਿ' ਵਿਚ ਵੀ ਪੂਰਨ ਅਭੇਦਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਅਜੇਹੇ ਪ੍ਰਸੰਗ ਪ੍ਰਾਪਤ ਹਨ ਜਿਨ੍ਹਾਂ ਵਿਚ ਹੁਕਮਿ, ਓਅੰਕਾਰ ਅਤੇ ਸ਼ਬਦ ਤਿੰਨਾਂ ਦੀ ਵਰਤੋਂ ਕੀਤੀ ਗਈ ਹੈ :

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ,
ਚਹੁ ਦਿਸਿ ਨਾਮ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥
(ਮਲਾਰ ਮ: ੧/੧੨੪੭)

'ਨਾਮ ਨੂੰ ਨਿਰਗੁਣ ਅਨੁਭਵ ਅਤੀਤ ਸਹਿਤ ਸਰਗੁਣਤਾ ਵੀ ਕਿਹਾ ਗਿਆ ਹੈ :

ਅਵਿਗਤੋ ਨਿਰਮਾਇਲੁ ਉਪਜੇ
ਨਿਰਗੁਣ ਤੇ ਸਰਗੁਣੁ ਥੀਆ ॥ (ਰਾਮਕਲੀ ਮ: ੧/੯੪੦)
ਨਿਰਗੁਣ ਅਨੁਭਵ ਅਤੀਤਿ ਅਗਮ ਅਗੋਚਰ ਅਲਖ ਹੈ, ਜਾਹਿਓ

ਨਹੀਂ ਜਾ ਸਕਦਾ [illegible] ਹੋਣ ਕਰਕੇ 'ਨਾਮ'
ਰਾਹੀਂ ਹੀ [illegible]ਣਿਆ ਜਾ ਸਕਦਾ ਹੈ। 'ਨਾਮ' ਰਾਹੀਂ ਉਹ ਨਿਰਗੁਣ
'ਗੁਣ-ਨਿਧਾਨ' [illegible]
[illegible] (ਜਪੁਜੀ)
। [illegible] ਅਤੇ ਅਨੁਭਵ [illegible]
[illegible] ਨਿਰਗੁਣਤਾ [illegible] ਅਵਤਾਰਵਾਦੀ
[illegible] ਨਹੀਂ [illegible] ਨਿਰੰਕਾਰ [illegible] 'ਨਾਮ' ਰਾਹੀਂ ਸਰਬ-ਵਿਆਪਕਤਾ
[illegible] ਗੁਰਬਾਣੀ ਵਿਚ ਜਿਤਨੇ [illegible] ਵਰਣਨ ਕੀਤੀਆਂ [illegible]
[illegible] ਬ੍ਰਹਮ [illegible]
[illegible] ਪਰਮਾਤਮ [illegible]
[illegible] ਲੱਗਦੇ
ਹਨ। ਨਾਮ ਰਸ, ਹਰਿਆ [illegible] ਸੂਖਮ [illegible]
ਵਿੱਚ ਵਰਤ[illegible]

ਤੂੰ [illegible]

[illegible] (ਮਾਝ [illegible] ੫/੧੦੨)

[illegible] ਅਤੇ ਵਿਵੇਚਨ)

ਗੁਰਬਾਣੀ ਵਿਚ [illegible] ਰੂਪਾਂ ਵਿਚ
ਵੀ ਲਿਖਿਆ ਹੈ :॥ [illegible]

ਨਾਉ ਤੇਰਾ [illegible] (ਆਸਾ ਮ: ੧)
ਨਾਵੈ ਅੰਦਰਿ [illegible] (ਸਿਰੀ ਰਾਗ ਮ: ੧)
ਸਚਾ ਸਾਹਿਬੁ [illegible] (ਜਪੁਜੀ)

([illegible]) ॥
[illegible] (ਜਪੁਜੀ/੪)
। [illegible]
[illegible]
[illegible]

ਇਹ ਹਰਿ ਕਾ ਰੂਪ ਹੈ, ਹਰਿ ਰੂਪੁ ਨਦਰੀ ਆਇਆ ॥

(ਮ: ੩/ਅਨੰਦ)

ਕੋਈ ਥਾਂ ਅਕਾਲ ਪੁਰਖ ਜੀ ਦੇ ਸਰੂਪ ਤੋਂ ਖਾਲੀ ਨਹੀਂ ਹੈ, ਭਾਵ, ਜਿਹੜੀ ਥਾਂ ਜਾਂ ਪਦਾਰਥ ਵੇਖੀਏ ਉਹ ਅਕਾਲ ਪੁਰਖ ਜੀ ਦਾ ਸਰੂਪ ਦਿਸਦਾ ਹੈ, ਸ੍ਰਿਸ਼ਟੀ ਦਾ ਜ਼ਰਾ ਜ਼ਰਾ ਅਕਾਲ ਪੁਰਖ ਵਾਹਿਗੁਰੂ ਜੀ ਦਾ ਸਰੂਪ ਹੈ।

ਗੁਰਮਤਿ ਵਿਚ 'ਨਾਮ' ਦਾ ਅਰਥ ਕੇਵਲ ਅਕਾਲ ਪੁਰਖ ਵਾਹਿਗੁਰੂ ! ਸਿਰਜਨਹਾਰ ! ਪਰਮੇਸ਼ਰ ! ਪਾਲਨਹਾਰ ! ਬਖ਼ਸ਼ਨਹਾਰ ਤੇ ਸਰਬ ਸਮਰੱਥ ਹਸਤੀ ਲਈ ਵਰਤਿਆ ਹੈ, ਜੋ ਕੇਵਲ ਇਕ ਤੇ ਸਦਾ ਸਥਿਰ ਹੈ ਜੋ ਸਰਬ-ਵਿਆਪਕ ਹੈ। ਜੋ ਹਸਤੀ ਭੈ ਰਹਿਤ, ਤੇ ਵੈਰ-ਰਹਿਤ ਹੈ, ਉਹ ਹਸਤੀ ਅਮਰ ਸਰੂਪ ਹੈ ਤੇ ਜੂਨਾਂ ਵਿਚ ਨਹੀਂ ਆਉਂਦੀ। ਉਸ਼ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਜਿਹਾ ਕਿ ਮੂਲ ਮੰਤ੍ਰ ਵਿਚ ਸ੍ਰੀ ਗੁਰੂ ਨਾਨਕ ⌒ ਜੀ ਨੇ ਦਰਸਾਇਆ ਹੈ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

'ਨਾਮ' ਪਦ ਦੀ ਵਿਆਖਿਆ ਗੁਰਮਤਿ ਵਿਚ ਇਹ ਹੈ :

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ...॥

(ਗਉੜੀ ਸੁਖਮਨੀ ਮ: ੫/੨੮੪)

ਭਾਵ—'ਧਾਰੇ' ਪਦ ਦੇ ਅਰਥ ਹਨ ਕਿ ਕਿਸੇ ਸ਼ੈ ਨੂੰ ਬਣਾ ਕਰ ਉਸ ਵਿਚ ਨਿਵਾਸ ਕਰ ਲੈਣਾ। ਨਾਮ ਨੇ ਹੀ ਸਾਰੇ ਜੰਤ ਬਣਾਏ ਹਨ। ਨਾਮ ਨੇ ਹੀ ਖੰਡ ਤੇ ਬ੍ਰਹਿਮੰਡ ਬਣਾਏ ਹਨ। ਨਾਮ ਨੇ ਹੀ ਸਾਰੇ ਅਕਾਸ਼ ਤੇ ਪਤਾਲ ਬਣਾਏ ਹਨ। ਨਾਮ ਨੇ ਹੀ ਸਾਰਾ ਦ੍ਰਿਸ਼ਟੀਮਾਨ ਅਕਾਰ

ਬਣਾਇਆ ਹੈ। ਨਾਮ ਨੇ ਹੀ ਸਾਰੀਆਂ ਪੁਰੀਆਂ ਤੇ ਸਾਰੇ ਭਵਨ ਰਚੇ ਹਨ। ਇਨ੍ਹਾਂ ਨੂੰ ਰਚ ਕੇ ਆਪ ਇਨ੍ਹਾਂ ਵਿਚ, ਆਸਣ ਲਾ ਕੇ ਬੈਠਾ ਹੋਇਆ ਹੈ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
(ਵਾਰ ਆਸਾ ਮ: ੧/੪੬੩)

ਇਹ ਰਚਨਹਾਰ 'ਨਾਮ' ਨਿਰੰਕਾਰ ਹੈ, ਭਾਵ ਆਕਾਰ ਰਹਿਤ ਹੈ। ਇਸ ਦਾ ਕੋਈ ਚੱਕ੍ਰ ਚਿਹਨ, ਰੰਗ ਰੂਪ, ਰੇਖ ਭੇਖ ਤੇ ਵਰਨ ਜਾਤੀ ਤੇ ਕੁਲ ਨਹੀਂ ਹੈ। ਕੋਈ ਕਹਿ ਨਹੀਂ ਸਕਦਾ ਕਿ ਉਸ ਦਾ ਰੂਪ, ਰੰਗ; ਚਿਤ, ਤੇ ਪਹਿਰਾਵਾ ਕੈਸਾ ਹੈ। ਇਹ 'ਨਾਮ' ਹਸਤੀ, ਅਟੱਲ ਸਰੂਪ ਵਾਲੀ, ਆਪਣੇ ਆਪ ਤੋਂ ਪ੍ਰਕਾਸ਼ਕ ਤੇ ਅਮਿਣਵੇਂ ਬਲਵਾਲੀ ਹੈ :

ਚੱਕ੍ਰ ਚਿਹਨ ਅਰੁ ਬਰਨ ਜਾਤਿ, ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅੱਮਿਤੋਜਿ ਕਹਿਜੈ ॥
(ਛਪੈ ਛੰਦ ਪਾਤ: ੧/ਜਾਪੁ ਸਾਹਿਬ)

ਇਹ ਉਤਲੇ ਗੁਣਾਂ ਵਾਲੀ ਹਸਤੀ, ਸਭ ਦੀ ਮੂਲ ਤੇ ਅਨਾਦਿ ਹੈ। ਇਹ ਹਸਤੀ ਜੂਨ ਰਹਤ, ਸਰਬ ਸਮਰੱਥ ਤੇ ਅਪਾਰ ਹੈ। ਸਭ ਤੋਂ ਵਡਾਈ ਜੋਗ, ਤਿੰਨਾਂ ਕਾਲਾਂ ਵਿਚ ਵਡਾਈ ਭਰਪੂਰ, ਪਰਕਾਸ਼ ਰੂਪ, ਭੇਦ ਤੋਂ ਰਹਿਤ। ਇਹ ਮਹਾਨ ਹਸਤੀ ਸਦ ਦਾ ਮੂਲ ਤੇ ਦਾਤਾ ਹੈ। ਇਹ ਹਸ਼ਤੀ ਸਭ ਨੂੰ ਪਾਲਣ ਵਾਲੀ ਮਰਨ ਵਾਲੀ ਤੇ ਸਭ ਦੀ ਫੇਰ ਮੌਤ ਹੈ।

ਇਹ ਹਸਤੀ ਹਰ ਥਾਂ ਬਿਰਾਜਮਾਨ ਹੈ, ਅਤੀਤ ਰੂਪ ਹੈ ਤੇ ਰਸ ਭਰਪੂਰ ਹੈ। ਇਸ ਹਸਤੀ ਦਾ ਨਾਮ, ਥਾਂ, ਜ਼ਾਤ, ਰੂਪ ਰੰਗ ਤੇ ਨਿਸ਼ਾਨ ਨਹੀਂ ਹੈ। ਇਹ ਹਸਤੀ ਸਭ ਤੋਂ ਪਹਿਲਾਂ ਤੇ ਸਰਬ ਸਮਰੱਥ ਹੈ। ਉਦਾਰ ਸਰੂਪ ਹੈ; ਜੋ ਜਨਮ ਮਰਨ ਤੋਂ ਰਹਿਤ ਹੈ। ਇਹ ਹੀ ਸਭ ਦਾ ਮੁੱਢ ਕਾਰਨ ਹੈ ਤੇ ਪਰੀਪੂਰਨ ਹੈ। ਇਸ ਹਸਤੀ ਦਾ ਕੋਈ ਦੇਸ਼ ਅਰ ਭੇਸ ਨਹੀਂ ਹੈ। ਨਾ ਹੀ ਇਸ ਦਾ ਕੋਈ ਰੂਪ ਰੇਖ ਹੈ। ਇਸ ਨੂੰ ਕੋਈ ਕਾਮਨਾ ਨਹੀਂ ਹੈ। ਜਿਥੇ ਕਿਤੇ, ਲਾਂਭਾਂ ਸਾਂਭਾਂ ਵਿਚ ਪ੍ਰੇਮ ਸਰੂਪ ਹੋ ਕੇ ਪਸਰ ਰਹੀ

ਹੈ। ਇਸ ਨੂੰ ਨਾਮ ਤੇ ਕਾਮਨਾਂ ਤੋਂ ਬਿਨਾਂ ਵੇਖੀਦਾ ਹੈ। ਇਸ ਦੀ ਇੱਕ ਥਾਂ ਘਰ ਨਹੀਂ ਹੈ। ਇਹ ਸਾਰੇ ਥਾਂ ਤੇ ਸਾਰੇ ਭਵਨਾਂ ਵਿਚ ਸਮਾਨ ਲੀਕ ਹੈ। ਇਸ ਦਾ ਸਰੂਪ ਭਾਵੇਂ ਹੈ ਇਕ ਹੀ ਹੈ, ਪਰ ਦਰਸ਼ਨ ਅਨੇਕ ਹਨ; ਜੋ ਇਸ ਹਸਤੀ ਦੇ ਧਾਰਨ ਕੀਤੇ ਹੋਏ ਹਨ। ਅਨੇਕਾਂ ਖੇਡਾਂ ਖੇਡਦੀ ਹੋਈ ਤੇ ਖੇਡ ਦੀ (ਸਮਾਪਤੀ ਕਰਦੀ ਹੋਈ, ਫਿਰ ਇਹ ਇਕ ਦੀ ਇਕ ਹੈ। ਇਸ ਹਸਤੀ ਦਾ ਭੇਦ, ਵੇਦ, ਕਤੇਬਾਂ, ਤੇ ਦੇਵਤੇ ਨਹੀਂ ਜਾਣਦੇ ਨ, ਜਾਣਨ ਵੀ ਕਿਵੇਂ ? ਜਦ ਕਿ ਇਹ ਰੂਪ ਰੰਗ, ਜਾਤ ਪਾਤ, ਤੋਂ ਰਹਿਤ ਹੈ। ਜਿਨ੍ਹਾਂ ਜਨਮ ਮਰਨ ਤੋਂ ਰਹਿਤ ਹਸਤੀ ਦਾ ਮਾਤਾ ਪਿਤਾ ਤੇ ਗੋਤ ਨਹੀਂ ਹੈ, ਇਸ ਦਾ ਅਟੱਲ ਹੁਕਮ ਚਹੁੰ ਚੱਕਾਂ ਵਿਚ ਵਰਤ ਰਿਹਾ ਹੈ, ਜਿਸ ਨੂੰ ਕਿ ਤੀਨੋ ਲੋਕ ਮੰਨ ਰਹੇ ਹਨ। ਸਾਰੇ ਸੰਸਾਰ ਵਿਚ ਇਸੇ ਦੀ ਸ੍ਰਿਸ਼ਟੀ ਜਾਪਦੀ ਹੈ—ਜਿਸ ਦਾ ਜਾਪ। ਇਸ ਸਭ ਤੋਂ ਉੱਚੀ ਹਸਤੀ ਦਾ ਵਜੂਦ ਆਦਿ ਅੰਤ ਤੋਂ ਰਹਿਤ ਹੈ। ਇਸੇ ਨੇ ਹੀ ਸਾਰੀ ਰਚਨਾ ਰਚੀ ਹੈ। ਇਹ ਪਰੀਪੂਰਨ ਅਪਾਰ ਤੇ ਸਮਰੱਥ ਹਸਤੀ ਪਵਿੱਤਰ ਤੇ ਭਰਪੂਰ ਹੈ। ਇਸੇ ਨੇ ਹੀ ਸਾਰੀ ਸ੍ਰਿਸ਼ਟੀ ਰਚੀ ਹੈ। ਪਰ ਇਹ ਆਪ ਸੁਤੇ (ਆਪਣੇ ਆਪ ਪਰਕਾਸ਼ ਹੈ ਤੇ ਬਣਾਉਣ ਤੇ ਭੰਨਣ ਨੂੰ ਸਮਰੱਥ ਹੈ। ਇਹ ਸੰਪੂਰਨ ਅਕਾਲ ਪੁਰਖ ਹਸਤੀ, ਮੌਤ ਤੋਂ ਰਹਿਤ ਤੇ ਦਵੈਸ਼ ਭੇਦ ਤੋਂ ਰਹਿਤ ਹੈ। ਇਹ ਭਰਮਾਂ ਤੋਂ ਰਹਿਤ ਹਸਤੀ ਧਰਮ ਦਾ ਘਰ ਹੈ, ਸਰੀਰ ਤੋਂ ਰਹਿਤ ਹੈ। ਇਹ ਅਭੇਖ, ਸਮਝ ਤੋਂ ਪਰੇ ਹੈ। ਇਸ ਹਸਤੀ ਦੇ ਸਰੀਰ, ਗੁਣ ਤੇ ਰੰਗ ਨਹੀਂ ਹਨ। ਇਹ ਜ਼ਾਤ ਪਾਤ ਵਾਲੀ ਨਹੀਂ, ਚਿਹਨ ਚੱਕਰ ਨੂੰ ਨਹੀਂ ਹੈ। ਇਹ ਹਸਤੀ ਹੰਕਾਰ ਨੂੰ ਭੰਨਣ ਵਾਲੀ, ਪਾਪੀਆਂ ਨੂੰ ਨਾਸ਼ ਕਰਨ ਵਾਲੀ ਤੇ ਕਲਿਆਣ ਦਾਤਾ ਹੈ। ਆਪਣੇ ਆਪ ਤੋਂ ਹੈ; ਗੰਭੀਰ ਹੈ, ਉਪਾਧੀ ਤੋਂ ਰਹਿਤ ਹੈ, ਇਕ ਹੈ, ਵਿਆਪਕ ਤੇ ਨਿਰਲੇਪ ਹੈ। ਪੂਰਨ ਹਸਤੀ ਹਉਮੈ ਦੀ ਨਾਸ਼ਕ ਹੈ, ਸਭ ਨੂੰ ਲੈ ਕਰਨੇ ਵਾਲੀ ਹੈ। ਮੂਲ ਰੂਪ ਹੈ ਪਰ ਆਪ ਜਿਸਮੀ ਤੇ ਚਰਿਤ੍ਰੀ ਹੈ। ਇਸ ਹਸਤੀ ਦਾ ਕੋਈ ਸਰੀਰ ਨਹੀਂ ਹੈ, ਇਹ ਅਬਿਨਾਸ਼ੀ ਹੈ, ਇਹ ਨਿਰੰਕਾਰ ਹੈ। ਪ੍ਰੇਮ ਤੇ ਵਿਸ਼ਵਾਸ ਵਰਤਦੇ ਬੇਅੰਤ ਹੈ, ਸਭ ਨੂੰ ਜੀਵਨ ਦੇਣ ਵਾਲੀ ਹੈ, ਸਭ ਨੂੰ ਨਾਸ਼ ਕਰਨ ਵਾਲੀ ਹੈ। ਸਭ ਦੀ ਪਾਲਣਾ ਕਰਨ ਵਾਲੀ ਹੈ। ਸਭ ਵਿਚ ਸੰਪੂਰਨ ਪਰਤੱਖ ਵੱਸਦੀ

ਹੈ। ਸਭ ਦੇ ਮੰਨਣ ਵਾਲੀ ਹੈ, ਸਭ ਤੋਂ ਵੱਖਰੀ ਹੈ ਅਤੇ ਜਿਸ ਦੀ। ਸਾਰੇ ਧਰਮ ਪੁਸਤਕ ਨਹੀਂ ਜਾਣਦੇ ਜਿਸ ਦੀ ਸ਼ਕਲ, ਰੰਗ ਤੇ ਚਿੰਨ੍ਹ। ਸੰਪੂਰਨ ਵੇਦ ਤੇ ਪੁਰਾਨ ਜਿਸ ਨੂੰ 'ਇਹ ਨਹੀਂ', 'ਇਹ ਨਹੀਂ', ਕਹਿੰਦੇ ਹਨ ਸਦਾ ਹੀ ਕ੍ਰੋੜਾਂ ਸਿਮ੍ਰਤੀਆਂ ਪੁਰਾਣ ਤੇ ਸ਼ਾਸਤ੍ਰ ਪੜ੍ਹ ਕੇ ਉਹ ਮਨ ਵਿਚ ਨਹੀਂ ਆਉਂਦੀ। ਇਸ ਉਤਲੇ ਲਿਖੇ ਗੁਣ, ਉਸ ਮਹਾਨ ਹਸਤੀ ਦੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਵਿਚ ਰੂਆਲ ਛੰਦ ਵਿਚ ਅੰਕਤ ਕੀਤੇ ਹਨ। ਜੋ ਇਸ ਤਰ੍ਹਾਂ ਹੈ:

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥
ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥
ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥
ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥
(ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥)
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥
ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥
ਸਰਬ ਮਾਨ ਸਦੈਵ ਮਾਨ ਤੈ ਤਾਹਿ ॥
ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥
ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ ॥
ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ ॥
ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ॥
ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਹੀ ਪੁਰ ਤੀਨ ॥
ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ ॥
ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪਿ ॥
ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ ॥

ਸਰਬ ਬਿਸ੍ਵ ਰਕਿਓ ਸੁਯੰਭਵ ਗੜਨ ਭੰਜਨ ਹਾਰ ॥੯੩॥
ਕਾਲ ਹੀਨ ਕਲਾ ਸੰਯੁਗਤਿ ਅਕਾਲ ਪੁਰਖ ਆਦੇਸ ॥
ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥
ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ॥
ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥੯੪॥
ਆਪ ਰੂਪ ਅਮੀਰ ਅਨਉਸਤਤਿ ਏਕ ਪੁਰਖ ਅਵਧੂਤ ॥
ਗਰਬ ਗੰਜਨ ਸਰਰ ਭੰਜਨ ਆਦਿ ਰੂਪ ਅਸੂਤ ॥
ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥
ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥੯੫॥
ਸਰਬ ਧੰਤਾ ਸਰਬ ਹੰਤਾ ਸਰਬ ਤੇ ਅਨਭੇਖ ॥
ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ ॥
ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥
ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ ॥

(ਰੂਆਲ ਛੰਦ । ਤ੍ਵ ਪ੍ਰਸਾਦਿ ਪਾ: ੧੦ ਜਾਪੁ ਸਾਹਿਬ)

ਉਤਲੇ ਪ੍ਰਮਾਣਾਂ ਤੋਂ ਸਿੱਧ ਹੋਇਆ ਕਿ ਸਿੱਖਾਂ ਨੇ ਉਤਲੇ ਦਿੱਤੇ ਗੁਣਾਂ ਵਾਲੇ ਨਾਮ ਨੂੰ ਧਿਆਉਣਾ ਹੈ । ਇਹ ਭੀ ਗੱਲ ਸਪੱਸ਼ਟ ਹੋ ਗਈ ਹੈ ਕਿ ਇਹ ਨਾਮ ਸਰਬ ਵਿਆਪਕ ਹੈ । ਜੇ ਇਹ ਸਰਬ ਵਿਆਪਕ ਹੈ ਤਾਂ ਅਨੁਭਵ ਕਿਉਂ ਨਹੀਂ ਹੁੰਦਾ ? ਇਸ ਦਾ ਉੱਤਰ ਸੀ ਗੁਰੂ ਅਮਰ ਦਾਸ ਸਾਹਿਬ ਜੀ ਦੇਂਦੇ ਹਨ ਕਿ ਹਰੇਕ ਸਰੀਰ ਵਿਚ ਵਾਹਿਗੁਰੂ ਜੀ ਦਾ ਨਾਮ ਗੁਪਤ ਮੌਜੂਦ ਹੈ, ਕਲਜੁਗਿ ਦੇ ਬਖੇੜਿਆਂ-ਭਰੇ ਜੀਵਨ-ਸਮੇਂ ਵਿਚ ਉਹ ਆਪ ਹੀ ਸਭ ਦੇ ਅੰਦਰ ਲੁਕਿਆ ਪਿਆ ਹੈ । ਪਰਮਾਤਮੀ ਹਰੇਕ ਸਰੀਰ ਵਿਚ ਵਿਆਪਕ ਹੈ । ਫਿਰ ਭੀ ਉਸ ਦਾ ਸਰੇਸ਼ਟ ਨਾਮ ਉਹਨਾਂ ਮਨੁੱਖਾਂ ਦੇ ਹਿਰਦੇ ਵਿਚ ਹੀ ਪਰਗਟ ਹੁੰਦਾ ਹੈ, ਜਿਹੜੇ ਗੁਰੂ ਦਾ ਸ਼ਰਨ ਜਾ ਪੈਂਦੇ ਹਨ :

ਗੁਪਤਾ ਨਾਮੁ ਵਰਤੈ ਵਿਚਿ ਕਲਜੁਗ
ਘਟਿ ਘਟਿ ਹਰਿ ਭਰਪੂਰਿ ਰਹਿਆ ॥

ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ
ਜੋ ਗੁਰ ਸਰਣਾਈ ਭਜਿ ਪਇਆ ॥
(ਪ੍ਰਭਾਤੀ ਮ. ੩/੧੩੩੪)

ਨਾਮ-ਰੂਪ ਅੰਮ੍ਰਿਤ ਹਰੇਕ ਜੀਵ ਦੇ ਹਿਰਦੇ-ਰੂਪ ਘਰ ਵਿਚ ਹੀ ਭਰਿਆ ਹੋਇਆ ਹੈ, ਪਰ ਮਨਮੁੱਖਾਂ ਨੂੰ ਉਸ ਦਾ ਸੁਆਦ ਨਹੀਂ ਆਉਂਦਾ। ਜਿਵੇਂ ਹਰਨ ਆਪਣੀ ਨਾਭੀ ਵਿਚ ਕਸਤੂਰੀ ਨਹੀਂ ਸਮਝਦਾ ਤੇ ਭਰਮ ਵਿਚ ਭੁਲਾਇਆ ਹੋਇਆ ਭਟਕਦਾ ਹੈ, ਭਾਵ ਉਸਨੂੰ ਇਸ ਗੱਲ ਦੀ ਸੋਝੀ ਨਹੀਂ ਤੇ ਉਹ ਉਸ ਦੀ ਖੋਜ ਲਈ ਝਾੜੀ ਝਾੜੀ ਵਿਚ ਭਰਮਦਾ ਹੈ :

ਘਰਿ ਹੀ ਮਹਿ ਅੰਮ੍ਰਿਤ ਭਰਪੂਰ ਹੈ
ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁਨ ਜਾਣੈ ਮਦਾ ਭ੍ਰਮਿ ਭੁਲਾਇਆ ॥
(ਸੋਰਠਿ ਵਾਰ ਮ. ੪/੬੪੪)

ਉਂਞ ਤਾਂ ਹਰ ਕੋਈ ਜੀਭ ਨਾਲ ਵਾਹਿਗੁਰੂ-ਨਾਮ ਉਚਾਰਦਾ ਹੈ, ਪਰ ਮਨੁੱਖ ਤਦੋਂ ਹੀ ਵਾਹਿਗੁਰੂ-ਨਾਮ ਧਨ ਪ੍ਰਾਪਤ ਕਰਦਾ ਹੈ ਜਦੋਂ ਗੁਰੂ ਦੀ ਸ਼ਰਨ ਪੈਂਦਾ ਹੈ :

ਰਸਨਾ ਨਾਮੁ ਸਭ ਕੋਈ ਕਹੈ ॥
ਸਤਿਗੁਰੁ ਸੇਵੇ ਤਾ ਨਾਮ ਲਹੈ ॥ (ਮਲਾਰ ਮ. ੩/੧੨੬੨)

ਅਸਲ ਵਿਚ ਨਾਮ ਤਾਂ ਕੋਈ ਸੂਖਮ ਵਸਤੂ ਹੈ ਜਿਸ ਲਈ ਸੱਚੇ ਸਤਿਗੁਰੂ ਦੀ ਲੋੜ ਪੈਂਦੀ ਹੈ, ਜੋ ਆਪਣੀ ਦ੍ਰਿਸ਼ਟੀ ਨਾਲ ਹਿਰਦੇ ਵਿਚ ਇਸ ਗੁਪਤ ਨਾਮ ਦਾ ਪ੍ਰਕਾਸ਼ ਕਰ ਦਿੰਦਾ ਹੈ। ਉਸ ਨਾਮ ਦੀ ਰੂਪ-ਰੇਖਾ ਕੋਈ ਨਹੀਂ। ਉਹ ਮਾਇਆ ਰਹਿਤ ਤਿੰਨਾਂ ਗੁਣਾਂ (ਰਜੋ, ਤਮੋ ਅਤੇ ਸਤੋ) ਤੋਂ ਉੱਤੇ ਦੀ ਸ਼ੈ ਹੈ ਉਹ ਦੇਹੀ ਅੰਦਰ ਘਟ ਘਟ ਵਿਚ ਸਮਾਇਆ ਹੋਇਆ ਹੈ :

ਹਉ ਵਾਰੀ ਜੀਉ ਵਾਰੀ ਨਿਰੰਕਾਰ ਨਾਮੁ ਧਿਆਵਣਿਆ ॥
ਤਿਸ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ
ਗੁਰਮੁਖਿ ਅਲਖੁ ਲਖਾਵਣਿਆ ॥੧॥ (ਮਾਝ ਮ. ੪/੧੨੯)

ਨਉਨਿਧੀ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
(ਗਉੜੀ ਸੁਖਮਨੀ ਮ. ੫/੨੯੩)

[illegible] ਸੋਧਿ ਗੁਰ ਸਬਦਿ ਵੀਚਾਰ ॥
ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ,
ਪਾਈਐ ਗੁਰ ਕੈ ਹੇਤਿ ਅਪਾਰਿ ॥ (ਆਸਾ ਮ. ੩/੪੨੫)

ਇਸ [illegible] ਨਾਮ ਦਾ [illegible] ਵਿਚ ਹੀ ਹੈ। ਗੁਰੂ ਜੀ ਇਸ ਸੂਖਮ ਨਾਮ ਨੂੰ ਪ੍ਰਗਟ ਕਰਦੇ [illegible] ਹੈ। ਇਹ ਨਾਮ ਪਾਰਸ ਕਲਾ ਵਾਲਾ, ਵਾਹਿਗੁਰੂ ਜੀ ਵਿਚ ਅਭੇਦ ਕਰਦਾ [illegible] ਹੈ।

ਹੇ ਭਾਈ ! ਵਾਹਿਗੁਰੂ ਜੀ ਨੂੰ ਲੱਭਣ ਲਈ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ ? ਵਾਹਿਗੁਰੂ ਜੀ ਸਭ ਵਿਚ ਵੱਸਣ ਵਾਲਾ ਹੈ, ਫਿਰ ਭੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ। ਉਹ ਵਾਹਿਗੁਰੂ ਜੀ ਤੇਰੇ ਨਾਲ ਹੀ ਵੱਸਦਾ ਹੈ। ਜਿਵੇਂ ਫੁੱਲ ਵਿਚ ਸੁਗੰਧੀ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿਚ ਸ਼ੀਸ਼ਾ ਵੇਖਣ ਵਾਲੇ ਦਾ ਅਕਸ ਵੱਸਦਾ ਹੈ, ਤਿਵੇਂ ਵਾਹਿਗੁਰੂ ਜੀ ਇਕ ਰਸ ਸਭਨਾਂ ਦੇ ਅੰਦਰ ਵੱਸਦਾ ਹੈ। ਇਸ ਵਾਸਤੇ ਉਸ ਨੂੰ ਆਪਣੇ ਹਿਰਦੇ ਵਿਚ ਹੀ ਲੱਭਣਾ [illegible]

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੈ ਨਿਰੰਤਰਿ ਘਟ ਹੀ ਖੋਜਹੁ ਭਾਈ ॥
(ਧਨਾਸਰੀ ਮ: ੯/੬੮੪)

ਹੇ ਭਾਈ ! ਵਾਹਿਗੁਰੂ-ਨਾਮ ਦਵਾਈ ਹਰੇਕ ਹਿਰਦੇ ਵਿਚ ਮੌਜੂਦ ਹੈ, ਪਰ ਪੂਰੇ ਗੁਰੂ ਤੋਂ ਬਿਨਾਂ ਇਸ ਨੂੰ ਪਰਗਟ ਕਰਨ ਦੀ ਵਿਧੀ ਨਹੀਂ ਬਣਦੀ। ਪੂਰੇ ਗੁਰੂ ਦੇ ਮਿਲਾਪ ਤੋਂ ਇਹ ਵਿਧੀ, ਪ੍ਰਗਟਾਨ ਦੀ ਮਿਲਦੀ ਹੈ। ਪੂਰਾ ਗੁਰੂ ਸਾਧਨ ਦੱਸਦਾ ਹੈ ਕਿ ਇਹ ਗੁਪਤ ਵਾਹਿਗੁਰੂ ਕਿਵੇਂ ਪਰਗਟ ਹੁੰਦਾ ਹੈ। ਜਦ ਨਾਮ ਪਰਗਟ ਹੋ ਜਾਂਦਾ ਹੈ ਤਾਂ ਫਿਰ ਕੋਈ

ਵਿਕਾਰ ਦੁੱਖ ਕਲੇਸ਼ ਆਦਿ, ਸੱਭ [illegible] ਪ੍ਰਮਾਣ ਇਹ ਹੈ: [illegible]

ਹਰਿ ਅਉਖਧੁ ਸਭ ਘਟ ਹੈ ਭਾਈ [illegible]

ਗੁਰ ਪੂਰੇ ਬਿਨੁ ॥ਬਿਧਿ ਨ ਬਨਾਈ॥ [illegible]

(੮) ਗੁਰਿ ਪੂਰੈ ਸੰਜਮੁ ਕਰਿ ਦੀਆ ॥

ਨਾਨਕ ਤਉ ਫਿਰਿ ਦੂਖ ਨ ਥੀਆ ॥ (ਗਉੜੀ ਮ: ੫/੨੫੯)

[illegible] ਪ੍ਰਸ਼ਨ ਉੱਠਦਾ ਹੈ ਕਿ ਉਹ ਕਿਹੜੀ ਸ਼ੈ ਹੈ [illegible] ਵਿਚ ਗੁਪਤ ਰੱਖ ਰਹੀ ਤੇ ਪ੍ਰਗਟ ਨਹੀਂ ਹੋਣ ਦੇ ਰਹੀ। ਇਸ ਦਾ ਉੱਤਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹਉ ਰੂਪੀ ਕੰਧ ਨੇ ਨਾਮ ਨੂੰ ਢੱਕ ਰੱਖਿਆ ਹੈ। [illegible] ਨਾਮ ਦਾ ਵਾਸਾ, ਹਿਰਦੇ ਵਿਚ ਬਿਲਕੁਲ ਨੇੜੇ ਹੈ [illegible] ਭੰਭੀਰੀ ਦੇ ਖੰਭ [illegible] ਹੈ। ਪਰ [illegible] ਕਿਤੇ ਦੂਰ ਹੀ ਵਸਦਾ ਜਾਪਦਾ ਹੈ। ਤੁਕ ਇਉਂ ਹੈ: [illegible]

ਹਉ ਹਉ ਭੀਤ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥

ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥

[illegible] (ਸੋਰਠਿ ਮ. ੫/੬੨੪)

(੯) ਇਹ ਜੀਵ-ਇਸਤ੍ਰੀ ਅਤੇ ਵਾਹਿਗੁਰੂ-ਪਤੀ ਦਾ ਇਕੋ ਹੀ ਹਿਰਦੇ ਥਾਂ ਵਿਚ ਵਸੇਬਾ ਹੈ, ਪਰ ਦੋਹਾਂ ਦੇ ਵਿਚ ਜੀਵ-ਇਸਤ੍ਰੀ ਦੀ ਹਉਮੈ ਦੀ ਕਰੜੀ ਕੰਧ ਬਣੀ ਪਈ ਹੈ। ਜਦ ਪੂਰੇ ਗੁਰੂ ਦਾ ਮਿਲਾਪ ਹੋ ਜਾਏ ਤਾਂ ਪੂਰਾ ਗੁਰੂ ਇਸ ਦੇ ਤੋੜਨ ਦਾ ਸਾਧਨ ਦੱਸਦਾ ਹੈ ਤਾਂ ਇਹ ਕੰਧ ਟੁੱਟ ਜਾਂਦੀ ਹੈ ਤੇ ਵਾਹਿਗੁਰੂ ਜੀ ਮਿਲ ਪੈਂਦਾ ਹੈ। ਤੁਕ ਇਹ ਹੈ :

ਧਨ ਪਿਰਕਾ ਇਕ ਹੀ ਸੰਗਿ ਵਾਸਾ

ਵਿਚਿ ਹਉਮੈ ਭੀਤਿ ਕਰਾਰੀ ॥

ਗੁਰਿ ਪੂਰੇ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥

(ਮਲਾਰ ਮ. ੪/੧੨੬੩)

ਪੂਰੇ ਗੁਰੂ ਜੀ ਦੀ ਖੋਜ ਲਈ, ਭੱਜ ਦੌੜ ਕਰਨ ਦੀ ਲੋੜ ਨਹੀਂ ਇਸ ਗੱਲ ਨੂੰ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਸਪੱਸ਼ਟ ਕਰਦੇ ਹਨ :

ਨਾਨਕ ਗੁਰੂ ਗੁਰੂ ਹੈ ਪੂਰਾ
ਮਿਲ ਸਤਿਗੁਰੂ ਨਾਮ ਧਿਆਇਆ ॥

(ਰਾਮਕਲੀ ਮ. ੪/੮੮੨)

ਤੇ ਫੇਰ ਦੂਜੀ ਥਾਂ ਇਸ ਗੱਲ ਨੂੰ ਮੁੜ ਦ੍ਰਿੜਾਉਂਦੇ ਹਨ ਕਿ ਕਿਤੇ ਹੋਰ ਭੁਲੇਖੇ ਵਿਚ ਸਿੱਖ ਨਾ ਪੈ ਜਾਏ ਤੇ ਇਨ੍ਹਾਂ ਦੀ ਆੜ ਲੈ ਕਰ ਕੇ ਬਿਨਾਂ ਪੂਰੇ ਗੁਰੂ ਤੋਂ ਹਉਮੈ ਦੀ ਕੰਧ ਨਹੀਂ ਟੁੱਟਦੀ, ਕੋਈ ਕੁਰਾਹੇ ਨਾ ਪਾ ਦੇਵੇ। ਸਾਹਿਬ ਜੀ ਫੁਰਮਾਉਂਦੇ ਹਨ :

ਨਾਨਕ ਗੁਰੂ ਗੁਰੂ ਹੈ ਸਤਿਗੁਰੂ
ਮੈ ਸਤਿਗੁਰੂ ਸਰਨਿ ਮਿਲਾਵੈਗੋ ॥ (ਕਾਨੜਾ ਮ. ੪/੧੩੧੦)

ਸਾਰਾ ਸੰਸਾਰ ਟੋਲ ਕੇ ਵੇਖਿਆ ਹੈ, ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਸੁੱਖ ਨਹੀਂ ਮਿਲਦਾ । ਜਗਤ ਇਸ ਤਨ ਤੇ ਧਨ ਵਿਚ ਸੁੱਖ ਭਾਲਦਾ ਹੈ, ਇਹ ਸਰੀਰ ਤੇ ਧਨ ਨਾਸ਼ ਹੋ ਜਾਣਗੇ, ਪਰ ਕੋਈ ਵਿਰਲਾ ਇਸ ਗੱਲ ਨੂੰ ਸਮਝਦਾ ਹੈ :

ਡਿਠਾ ਸਭੁ ਸੰਸਾਰੁ ਸੁਖ ਨ ਨਾਮ ਬਿਨੁ ॥
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥

(ਵਾਰ ਗਉੜੀ ਮ. ੫/੩੨੨)

ਵਾਹਿਗੁਰੂ ਜੀ ਦਾ ਨਾਮ ਸਾਰੇ ਰੋਗਾਂ ਦੀ ਦਵਾਈ ਹੈ, ਵਾਹਿਗੁਰੂ ਜੀ ਦੇ ਗੁਣ ਗਾਉਣੇ ਚੰਗੇ ਭਾਗਾਂ ਤੇ ਸੁੱਖ ਦਾ ਰੂਪ ਹੈ :

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥

(ਗਉੜੀ ਸੁਖਮਨੀ ਮ. ੫/੨੭੪)

ਹੇ ਭਾਈ ! ਮਿਥੇ ਹੋਤੇ ਨੇਕ ਕਰਮ, ਦਾਨ ਜਪ ਤੇ ਤਪ–ਇਹ ਜਿਤਨੇ ਭੀ ਹਨ ਵਾਹਿਗੁਰੂ ਜੀ ਦਾ ਨਾਮ ਜਪਣਾ ਇਹਨਾਂ ਸਭਨਾਂ ਤੋਂ ਸਰੇਸ਼ਟ ਕਰਮ ਹੈ :

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮ ॥

(ਆਸਾ ਮ. ੫/੪੦੧)

ਵਾਹਿਗੁਰੂ ਜੀ ਦਾ ਨਾਮ ਜਹਾਜ਼ ਹੈ, ਹਰਿ-ਨਾਮ ਹੀ ਤੁਲਹਾ ਹੈ ਜਿਸ ਵਿਚ ਚੜ੍ਹ ਕੇ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ :

ਨਾਨਕ ਨਾਉ ਬੇੜਾ ਨਾਉ ਤੁਲਹੜਾ
ਭਾਈ ਜਿਤੁ ਲਗਿ ਪਾਰਿ ਜਨ ਪਾਇ ॥

(ਸੋਰਠਿ ਮ: ੩/੬੦੩)

ਵਾਹਿਗੁਰੂ ਜੀ ਦਾ ਨਾਮ ਰਤਨ, ਜਵਾਹਰ, ਲਾਲ ਵਰਗਾ ਕੀਮਤੀ ਹੈ। ਹਰੇਕ ਮਨੁੱਖ ਦੇ ਅੰਦਰ ਲੁਕਿਆ ਪਿਆ ਹੈ। ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ, ਉਸ ਨੂੰ ਗੁਰੂ ਨੇ ਉਸ ਦੇ ਅੰਦਰੋਂ ਹੀ ਕੱਢ ਕੇ ਉਸ ਦੀ ਤਲੀ ਉੱਤੇ ਰੱਖ ਕੇ ਵਿਖਾ ਦਿੱਤਾ ਹੈ। ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮੰਦ-ਭਾਗੀ ਮਨੁੱਖ ਨੇ ਉਹ ਰਤਨ ਨਹੀਂ ਲੱਭਾ, ਉਸ ਦੇ ਭਾ ਦਾ ਤਾਂ ਲੱਖ ਰੁਪਇਆ ਤੀਲੇ ਦੇ ਉਹਲੇ ਲੁਕਿਆ ਪਿਆ ਹੈ।

ਰਤਨੁ ਜਵੇਹਰੁ ਲਾਲੁ ਹਰਿਨਾਮਾ
ਗੁਰ ਕਾਢਿ ਤਲੀ ਵਿਖਲਾਇਆ ॥
ਭਾਗਹੀਣ ਮਨਮੁਖਿ ਨਹੀ ਲੀਆ
ਤ੍ਰਿਣ ਓਲ੍ਹੈ ਲਾਖੁ ਛਪਾਇਆ ॥ (ਰਾਮਕਲੀ ਮ. ੪/੮੮੦)

ਵਾਹਿਗੁਰੂ ਜੀ ਦਾ ਨਾਮ ਸਿਮਰਿਆਂ ਕ੍ਰੋੜਾਂ ਪਾਪ ਸਾਰੇ ਦੇ ਸਾਰੇ ਨਾਮ ਹੋ ਜਾਂਦੇ ਹਨ। ਪ੍ਰਭੂ ਦੀ ਸਿਫ਼ਤਿ ਸਾਲਾਹ ਕੀਤਿਆਂ ਮਨ-ਇੱਛਤ ਫਲ ਪਾਈਏ ਹਨ, ਜੰਮਣ ਤੋਂ ਮਰਨ ਤੱਕ ਦੇ ਸਾਰੇ ਸਹਮ ਕੱਟੇ ਜਾਂਦੇ ਹਨ ਤੇ ਅਟੱਲ ਸੱਚੀ ਪਦਵੀ ਮਿਲ ਜਾਂਦੀ ਹੈ :

ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ ॥
ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ ॥
ਜਨਮ ਮਰਣ ਸਭਿ ਕਟੀਅਹਿ ਨਿਹਚਲ ਸਚੁ ਥਾਉ ॥

(ਜੈਤਸਰੀ ਮ: ੫/੭੦੭)

ਹੇ ਪਿਆਰੇ ਵਾਹਿਗੁਰੂ ਜੀਓ ! ਤੇਰੀ ਯਾਦ ਤੋਂ ਬਿਨਾਂ ਮੈਂ ਵਿਆਕੁਲ ਹੋ ਜਾਂਦਾ ਹਾਂ । ਮੈਨੂੰ ਕੋਈ ਉਹ ਵੱਡੀ ਦਾਤਿ ਦੇਹ, ਜਿਸ ਦਾ ਸਦਕਾ ਮੈਂ ਤੇਰੇ ਨਾਮ ਵਿਚ ਸਦਾ ਜੁੜਿਆ ਰਹਾਂ :

ਤੁਧੁ ਬਾਝੁ ਪਿਆਰੇ ਕੇਵ ਰਹਾ ॥
ਸਾ ਵਡਿਆਈ ਦੇਹਿ
ਜਿਤੁ ਨਾਮ ਤੇਰੇ ਲਾਗਿ ਰਹਾਂ ॥੧॥ਰਹਾਉ॥

(ਧਨਾਸਰੀ ਮ. ੧/੬੬੦)

ਨਾਮ ਬਿਨਾ ਨਾਹੀ ਨਿਜ ਠਾਉ ॥ (ਗਉੜੀ ਮ. ੧/੨੨੨)

ਗੁਰਮਤਿ ਨਾਮ : ਗੁਰਮਤਿ ਨਾਮ ਅਨੁਸਾਰ ਗੁਰਮਤਿ ਤੇ ਚੱਲ ਕੇ ਜਾਂ ਗੁਰਮਤਿ ਦੀ ਦੱਸੀ ਵਿਧੀ ਅਨੁਸਾਰ ਕੀਤੇ ਨਾਮ ਸਿਮਰਨ ਨੂੰ ਗੁਰਬਾਣੀ ਵਿਚ 'ਗੁਰਮਤਿ ਨਾਮ' ਕਿਹਾ ਹੈ। ਹੇਠ ਲਿਖੀਆਂ ਤੁਕਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਨੇ 'ਗੁਰਮਤਿ ਨਾਮ' ਨੂੰ ਹੀ ਅਪਣਾ-ਇਆ ਹੈ ਅਤੇ ਅਜਿਹੇ ਨਾਮ ਦੁਆਰਾ ਹੀ ਆਤਮਕ ਲਾਭ ਦੀ ਪ੍ਰਾਪਤੀ ਹੋਣੀ ਦੱਸੀ ਹੈ। ਫਿਰ ਅਜਿਹੇ ਨਾਮ ਸਿਮਰਨ ਵਾਲਿਆਂ ਦੀ ਉਪਮਾ ਵੀ ਬਹੁਤ ਕੀਤੀ ਹੈ ਤੇ ਕਿਹਾ ਹੈ—ਹੇ ਮੇਰੇ ਮਿੱਤਰ ਗੁਰਦੇਵ ਜੀਉ ! ਮੈਨੂੰ ਵਾਹਿਗੁਰੂ ਜੀ ਦਾ ਨਾਮ-ਰੂਪ ਚਾਨਣ ਬਖ਼ਸ਼ ਮੇਹਰ ਕਰ ਗੁਰੂ ਸਿਖਿਆ ਅਨੁਸਾਰ ਮਿਲਿਆ ਵਾਹਿਗੁਰੂ-ਨਾਮ ਮੇਰੀ ਜਿੰਦ ਦਾ ਸਾਥੀ ਬਣਿਆ ਰਹੇ, ਵਾਹਿਗੁਰੂ ਜੀ ਦਾ ਜੱਸ ਮੇਰੇ ਵਾਸਤੇ ਮੇਰੇ ਜੀਵਨ-ਰਾਹ ਦੀ ਪੂੰਜੀ ਬਣੀ ਰਹੇ :

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥
ਗਰਮਤਿ ਨਾਮੁ ਮੇਰਾ ਪ੍ਰਾਨ ਸਖਾਈ
ਹਰਿ ਕੀਰਤਿ ਹਮਰੀ ਰਹਰਾਸਿ ॥੧॥ਰਹਾਉ॥

(ਗੂਜਰੀ ਮ. ੪/੪੯੨)

ਉਹ ਮਨੁੱਖ ਧੰਨ ਹਨ ਵੱਡੇ ਭਾਗਾਂ ਵਾਲੇ ਹਨ, ਗੁਰਮਤਿ ਰਾਹੀਂ ਮਿਲਿਆ ਵਾਹਿਗੁਰੂ-ਨਾਮ ਜਿੰਨ੍ਹਾਂ ਦੇ ਹਿਰਦੇ ਦੀ ਮੈਲ ਧੋਂਦਾ ਹੈ :

ਨਾਨਕ ਧੰਨੁ ਧੰਨੁ ਵਡੇ ਵਡਭਾਗੀ
ਜਿਨ ਗੁਰਮਤਿ ਨਾਮ ਰਿਦੈ ਮਲ ਧੋਹੈ ॥

(ਗੁਜਰੀ ਮ. ੪/੪੯੩)

ਜਿਨ੍ਹਾਂ ਮਨੁੱਖਾਂ ਨੇ ਗੁਰੂ ਜੀ ਦੀ ਮਤਿ ਉਤੇ ਤੁਰ ਕੇ ਵਾਹਿਗੁਰੂ ਜੀ ਦੇ ਨਾਮ ਨਾਲ ਸਾਂਝ ਪਾ ਲਈ, ਉਹ ਮਨੁੱਖ ਵਾਹਿਗੁਰੂ ਜੀ ਦੇ ਪਿਆਰ ਰੰਗ ਵਿਚ ਰੰਗੇ ਜਾਂਦੇ ਹਨ, ਉਹ ਮਾਇਆ ਦੇ ਮੋਹ ਤੋਂ ਉਪਰਾਮ ਹੋ ਜਾਂਦੇ ਹਨ :

ਹਰਿ ਕੈ ਰੰਗਿ ਰਤੇ ਬੈਰਾਗੀ
ਜਿਨ ਗੁਰਮਤਿ ਨਾਮੁ ਪਛਾਨੀ ॥ (ਸਾਰੰਗ ਮ. ੪/੧੧੯੯)

ਜੀਵ–ਇਸਤ੍ਰੀ ਆਪਣੇ ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਲਈ ਕਈ ਤਰ੍ਹਾਂ ਦੇ ਧਾਰਮਿਕ ਉੱਦਮ-ਰੂਪ ਸ਼ਿੰਗਾਰ ਕਰਦੀ ਹੈ, ਪਰ ਜੀਵ-ਇਸਤ੍ਰੀ ਦਾ ਸ਼ਿੰਗਾਰ ਤਦੋਂ ਹੀ ਅਟੱਲ ਸਮਝੋ, ਤਦੋਂ ਹੀ ਸਫਲ ਜਾਣੋ ਜਦੋਂ ਉਹ ਆਪਣੇ ਪਤੀ-ਪ੍ਰਭੂ ਜੀ ਨੂੰ ਵੇਖ ਕੇ ਹੁਲਾਰੇ ਵਿਚ ਆਉਂਦੀ ਹੈ, ਜਦੋਂ ਸੱਚ ਦੇ ਸਿਮਰਨ ਦੀ ਰਾਹੀਂ ਕੁਲ-ਰਹਿਤ ਮਾਇਆ ਰਹਿਤ ਪਰਮਾਤਮਾ ਨਾਲ ਇਕ-ਰੂਪ ਹੋ ਜਾਂਦੀ ਹੈ, ਜਦੋਂ ਗੁਰੂ ਜੀ ਦੀ ਸਿਖਿਆ ਉੱਤੇ ਤੁਰ ਕੇ ਵਾਹਿਗੁਰੂ ਜੀ ਦਾ ਨਾਮ ਉਸ ਦੇ ਜੀਵਨ ਦਾ ਸਹਾਰਾ ਬਣ ਜਾਂਦਾ ਹੈ :

ਅਪਨੇ ਪਿਰ ਹਰਿ ਦੇਖਿ ਵਿਗਾਸੀ
ਤਉ ਧਨ ਸਾਚੁ ਸੀਗਾਰੋ ॥
ਅਕੁਲ ਨਿਰੰਜਨ ਸਿਉ ਸਚਿ ਸਾਚੀ
ਗੁਰਮਤਿ ਨਾਮੁ ਅਧਾਰੋ ॥ (ਮਲਾਰ ਮ. ੧/੧੨੫੫)

ਹੇ ਭਾਈ ! ਤੂੰ ਭੀ ਉਸ ਹਰਿ-ਗੋਪਾਲ ਦਾ ਨਾਮ ਸਿਮਰ, ਸਿਮਰਨ ਦੀ ਬਰਕਤ ਨਾਲ ਫਿਰ ਜਨਮ ਮਰਨ ਵਿਚ ਨਹੀਂ ਪਏਂਗਾ। ਸਤਿਗੁਰੂ ਦੀ ਮਤਿ ਹੀ ਜੀਵਨ ਲਈ ਸ੍ਰੇਸ਼ਟ ਰਸਤਾ ਹੈ, ਹੋਰ ਮਤਿ ਉਸ ਦੇ ਨਾਮ ਤੋਂ ਵਾਂਜਿਆ ਰੱਖਦੀ ਹੈ :

ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥

ਗੁਰਮਤਿ ਸਾਰੁ ਹੋਰ ਨਾਮੁ ਬਿਹੂਨੀ ॥

(ਦੱਖਣੀ ਓਅੰਕਾਰ ਮ. ੧/੯੩੩)

ਇਸ ਤੁਕ ਦੇ ਪਹਿਲੇ ਭਾਗ ਵਿਚ ਮਨੁੱਖ ਨੂੰ ਕਿਹਾ ਹੈ 'ਹੇ ਮਨੁੱਖ, ਤੂੰ ਪਰਮਾਤਮਾ ਦਾ ਨਾਮ ਸਿਮਰ ਤਾਂ ਜੋ ਤੂੰ ਜੂਨਾਂ ਵਿਚ ਨਾ ਪਵੇ, ਜਾਂ ਜਨਮ ਮਰਨ ਦੇ ਗੇੜ ਚੋਂ ਨਿਕਲ ਜਾਵੇਂ, ਪਰ ਦੂਜੇ ਭਾਗ ਵਿਚ ਦਸਿਆ ਹੈ, ਗੁਰਮਤਿ ਅਨੁਸਾਰ ਜਪਿਆ ਨਾਮ ਹੀ ਸਹੀ ਤੇ ਸਰੇਸ਼ਟ ਹੈ, ਤੇ ਗੁਰਮਤਿ ਅਨੁਸਾਰ ਨਾਮ ਨ ਸਿਮਰਨ ਵਾਲੀ ਮਨੁੱਖਤਾ, ਸਹੀ ਨਾਮ ਤੋਂ ਬਿਹੂਣੀ ਹੈ।

ਇਸੇ ਲਈ ਗੁਰਬਾਣੀ ਵਿਚ ਇਹ ਵੀ ਬੜਾ ਸਪੱਸ਼ਟ ਕਰਕੇ ਦੱਸਿਆ ਹੈ ਕਿ ਗੁਰਮਤਿ ਅਨੁਸਾਰ ਨਾਮ ਲਿਆਂ ਹੀ, ਸੁਖ, ਸ਼ਾਂਤੀ ਤੇ ਹੋਰ ਯੋਗ ਲਾਭਾਂ ਦੀ ਪ੍ਰਾਪਤੀ ਹੁੰਦੀ ਹੈ :

ਅੰਤਰਿ ਸਾਂਤਿ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥

(ਮਾਰੂ ਮ. ੩/੧੦੪੯)

ਗੁਰੂ ਸਾਹਿਬਾਨ ਨੇ ਆਪਣੇ ਨਿੱਜੀ ਤਜ਼ਰਬੇ ਦੀ ਬਿਨਾਂ ਤੇ ਵੀ ਦੱਸਿਆ ਹੈ ਕਿ ਨਾਮ ਸਿਮਰਨ ਦੀ ਪ੍ਰਾਪਤੀ ਲਈ ਬਹੁਤ ਦੁਨੀਆਂ ਲੋਚਦੀ ਹੈ ਪਰ ਅਸੀਂ ਤਾਂ ਇਸ ਦੀ ਪ੍ਰਾਪਤੀ ਗੁਰਮਤਿ ਤੇ ਚੱਲ ਕੇ ਹੀ ਕੀਤੀ ਹੈ :

ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥

(ਵਾਰ ਸੂਹੀ ਮ. ੩/੭੮੯)

ਹੇ ਵਾਹਿਗੁਰੂ ਜੀਉ ! ਤੇਰਾ ਨਾਮ ਗੁਰੂ ਦੀ ਮਤਿ ਤੇ ਤੁਰਿਆਂ ਹੀ ਮਿਲਦਾ ਹੈ, ਜਿਨ੍ਹਾਂ ਸੰਤ ਜਨਾ ਨੂੰ ਮਿਲਦਾ ਹੈ ਉਹਨਾਂ ਨੂੰ ਇਹ ਨਾਮ-ਧਨ ਪਿਆਰਾ ਲੱਗਦਾ ਹੈ ਉਹਨਾਂ ਨੂੰ ਤੇਰੀ ਸਿਫਤਿ ਸਲਾਹ ਪਿਆਰੀ ਲੱਗਦੀ ਹੈ :

ਸੰਤ ਜਨਾਂ ਹਰਿ ਧਨੁ ਜਸੁ ਪਿਆਰਾ ॥
ਗੁਰਮਤਿ ਪਾਇਆ ਨਾਮੁ ਤੁਮਾਰਾ ॥

ਮਾਰੂ ਸੋਲਹੇ ਮ. ੧/੧੦੪੩)

ਨਾਮ ਗੁਰੂ ਦੀ ਮਤਿ ਤੇ ਚੱਲਿਆਂ ਮਿਲਦਾ ਹੈ। ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਮੋਹ ਵਿਚ ਫਸ ਕੇ ਨਸ਼ਟ ਹੁੰਦਾ ਹੈ, ਭਾਵ ਮਨੁੱਖਾ ਜਨਮ ਵਿਅਰਥ ਗਵਾ ਲੈਂਦਾ ਹੈ :

ਗੁਰਮਤੀ ਨਾਉ ਪਾਈਐ, ਮਨਮੁਖ ਮੋਹਿ ਵਿਣਾਸੁ ॥

(ਸਿਰੀ ਰਾਗ ਕੀ ਵਾਰ ਮ. ੩/੮੬)

ਵਾਹਿਗੁਰੂ ਜੀ ਦਾ ਨਾਮ ਗੁਰੂ ਦੀ ਮਤਿ ਉੱਤੇ ਤੁਰਿਆਂ ਮਿਲਦਾ ਹੈ, ਵਾਹਿਗੁਰੂ ਜੀ ਆਪ ਹੀ ਆਪਣੇ ਨਾਮ ਦੀ ਲਗਨ ਪੈਦਾ ਕਰਦਾ ਹੈ :

ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ ॥

(ਗਉੜੀ ਮ. ੩/੨੪੬)

ਗੁਰੂ ਸਾਹਿਬਾਨ ਨੇ ਆਪਣੇ ਬਾਰੇ ਵੀ ਬੜਾ ਸਪੱਸ਼ਟ ਕਰਕੇ ਦਸਿਆ ਹੈ ਕਿ ਉਹ ਗੁਰਮਤਿ ਦੇ ਆਸ਼ੇ ਅਨੁਸਾਰ ਜਾਂ ਗੁਰਮਤਿ ਦੀ ਦੱਸੀ ਵਿਧੀ ਅਨੁਸਾਰ ਹੀ ਨਾਮ ਸਿਮਰਦੇ ਹਨ। ਹਜ਼ੂਰ ਫੁਰਮਾਉਂਦੇ ਹਨ :

ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥
ਖਿਨੁ ਪਲੁ ਰਹਿ ਨ ਸਕਉ
ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮਾਰੇ ॥

(ਨਟ ਮ. ੪/੯੮੦)

ਗੁਰਮਤਿ ਅਨੁਸਾਰ, ਨਾਮ ਸਿਮਰ ਸਿਮਰ ਕੇ ਹੀ ਜੁਗਿਆਸੂ ਨੇ ਨਾਮ ਨੂੰ ਦ੍ਰਿੜ੍ਹ ਕਰਨਾ ਹੈ, ਤਾਂ ਜੋ ਸਿਮਰਨ ਮਨ ਦੀਆਂ ਡੂੰਘਾਈਆਂ ਵਿਚ ਢਲ ਜਾਏ ਤੇ ਪੱਕਾ ਹੋ ਕੇ ਅਖੰਡ ਹੋ ਜਾਏ। ਇਸੇ ਲਈ ਗੁਰਮਤਿ ਤੇ ਚੱਲ ਕੇ ਜਾਂ ਗੁਰਮਤਿ ਅਨੁਸਾਰ ਨਾਮ ਸਿਮਰ ਕੇ ਨਾਮ ਨੂੰ ਦ੍ਰਿੜ੍ਹ ਕਰਨ ਵਾਲਿਆਂ ਦੀ ਉਪਮਾ ਵੀ ਕੀਤੀ ਹੈ ਤੇ ਕਿਹਾ ਹੈ :

ਜੇ ਵਡ ਭਾਗੁ ਹੋਇ ਅਤਿ ਨੀਕਾ
ਤਾਂ ਗੁਰਮਤਿ ਨਾਮੁ ਦ੍ਰਿੜੀਜੈ ॥ (ਕਲਿਆਨ ਮ. ੬/੧੩੨੬)

ਜਿਵੇਂ ਨਾਮ ਸਿਮਰਨ ਦੀ ਪ੍ਰਾਪਤੀ ਗੁਰਮਤਿ ਦੁਆਰਾ ਹੋਣੀ ਦੱਸੀ ਹੈ, ਉਵੇਂ ਹੀ ਗੁਰਮਤਿ ਨੂੰ 'ਗੁਰਮੁਖ' ਕਹਿ ਕੇ ਵੀ ਇਸਦੀ ਪ੍ਰਾਪਤੀ ਹੋਣੀ ਦੱਸੀ ਹੈ ਤੇ ਕਿਹਾ ਹੈ :

ਪਰਪੰਚ ਵੇਖ ਰਹਿਆ ਵਿਸਮਾਦੁ ॥
ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥ (ਬਸੰਤ ਮ. ੩/੧੧੭੪)
ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ ॥
(ਵਾਰ ਸੂਹੀ ਮ. ੩/੭੯੧)

ਸਹੀ ਨਾਮ ਸਿਮਰਨ ਦੀ ਪ੍ਰਾਪਤੀ ਗੁਰਮਤਿ ਅਨੁਸਾਰ ਹੋਣ ਕਰਕੇ ਹੀ ਮਨੁੱਖਤਾ ਨੂੰ 'ਗੁਰਮਤਿ' ਜਾਂ 'ਗੁਰਮੁਖਿ' (ਗੁਰਮਤਿ ਅਨੁਸਾਰ) ਨਾਮ ਸਿਮਰਨ ਦੀ ਪਰੇਰਨਾ ਵੀ ਕੀਤੀ ਹੈ :

ਸਤੁ ਸੰਤੋਖੁ ਸੰਜਮੁ ਹੈ ਨਾਲਿ ॥
ਨਾਨਕ ਗੁਰਮੁਖਿ ਨਾਮੁ ਸਮਾਲਿ ॥
(ਸਿਧ ਗੋਸਟਿ ਮ: ੧/੯੩੯)

ਪਰ ਜਿਨ੍ਹਾਂ ਅਭਾਗਿਆਂ ਨੇ 'ਗੁਰਮਤਿ' ਜਾਂ ਗੁਰਮੁਖਿ' ਭਾਵ ਗੁਰਮਤਿ ਅਨੁਸਾਰ ਨਾਮ ਨਹੀਂ ਜਪਿਆ ਜਾਂ ਅਜਿਹੇ ਸਿਮਰਨ ਦੀ ਪ੍ਰਾਪਤੀ ਨਹੀਂ ਕੀਤੀ, ਉਨ੍ਹਾਂ ਨੂੰ ਗੁਰਬਾਣੀ ਵਿਚ ਖੰਡਨ ਵੀ ਬਹੁਤ ਕੀਤਾ ਹੈ, ਭਾਵ ਜਿਨ੍ਹਾਂ ਨੇ ਗੁਰੂ ਦੀ ਸ਼ਰਨ ਪੈ ਕੇ ਵਾਹਿਗੁਰੂ ਜੀ ਦਾ ਨਾਮ ਪ੍ਰਾਪਤ ਨਹੀਂ ਕੀਤਾ, ਉਨ੍ਹਾਂ ਮਨ ਦੇ ਮੁਰੀਦਾਂ ਨੇ ਆਪਣੀ ਜ਼ਿੰਦਗੀ ਵਿਅਰਥ ਗਵਾ ਲਈ ਹੈ :

ਗੁਰਮੁਖਿ ਜਿਨੀ ਨਾਮੁ ਨ ਪਾਇਆ ॥
ਮਨਮੁਖਿ ਬਿਰਥਾ ਜਨਮੁ ਗਵਾਇਆ ॥
(ਮਾਰੂ ਮ: ੩/੧੦੧੬)

ਜਿਨ੍ਹਾਂ ਮਨੁੱਖਾਂ ਨੇ ਗੁਰੂ ਜੀ ਦੀ ਸ਼ਰਨ ਪੈ ਕੇ ਪਰਮਾਤਮਾ ਦੇ ਨਾਮ ਨਾਲ ਸਾਂਝ ਨਹੀਂ ਪਾਈ, ਉਨ੍ਹਾਂ ਦਾ ਜਗਤ ਵਿਚ ਆਉਣਾ ਵਿਅਰਥ ਚਲਾ ਜਾਂਦਾ ਹੈ :

ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ
ਸੇ ਜਗ ਮਹਿ ਕਾਹੇ ਆਇਆ ॥ (ਭੈਰਉ ਮ: ੩/੧੧੩੦)

ਪਰ ਜਿਹੜੇ 'ਗੁਰਮਤਿ ਨਾਮ' ਨੂੰ ਨਹੀਂ ਅਪਣਾਉਂਦੇ ਤੇ ਗੁਰਮਤਿ ਦੇ ਆਸ਼ੇ ਅਨੁਸਾਰ ਨਾਮ ਨਹੀਂ ਸਿਮਰਦੇ, ਉਨ੍ਹਾਂ ਨੂੰ ਗੁਰਬਾਣੀ ਵਿਚ

ਮਨਮੁਖ ਵੀ ਕਿਹਾ ਹੈ, ਭਾਵ-ਜਗਤ ਵਿਚ ਤ੍ਰਿਸ਼ਨਾ ਦੀ ਅੱਗ ਬਲ ਰਹੀ ਹੈ, ਤ੍ਰਿਸ਼ਨਾ ਦਾ ਝੱਖੜ ਝੱਲ ਰਿਹਾ ਹੈ, ਭਟਕਣ ਵਿਚ ਪੈ ਕੇ ਮਨੁੱਖ ਕੁਰਾਹੇ ਪਿਆ ਰਹਿੰਦਾ ਹੈ। ਮਾਇਆ ਦੇ ਮੋਹ ਦੇ ਕਾਰਨ ਮਨੁੱਖ ਨੂੰ ਰਤਾ ਭਰ ਵੀ ਇਸ ਗਲਤੀ ਦੀ ਸੂਝ ਨਹੀਂ ਹੁੰਦੀ। ਆਪਣੇ ਮਨ ਦੇ ਪਿਛੇ ਤੁਰਨ ਵਾਲੇ ਅੰਨ੍ਹੇ ਮਨੁੱਖ ਨੂੰ ਆਤਮਕ ਜੀਵਨ ਬਾਰੇ ਕੁਝ ਭੀ ਨਹੀਂ ਸੁੱਝਦਾ। ਜਿਹੜਾ ਭੀ ਗੁਰੂ ਜੀ ਦੀ ਮਤਿ ਲੈਂਦਾ ਹੈ ਉਸ ਦੇ ਅੰਦਰ ਵਾਹਿਗੁਰੂ ਜੀ ਦਾ ਨਾਮ ਚਮਕ ਪੈਂਦਾ ਹੈ :

ਅਨਲ ਵਾਉ ਭਰਮਿ ਭੁਲਾਈ ॥
ਮਾਇਆ ਮੋਹਿ ਸੁਧਿ ਨ ਕਾਈ ॥
ਮਨਮੁਖ ਅੰਧੇ ਕਿਛੂ ਨ ਸੂਝੈ
ਗੁਰਮਤਿ ਨਾਮੁ ਪ੍ਰਗਾਸੀ ਹੇ ॥ (ਮਾਰੂ ਸੋਲਹੇ ਮ: ੩/੧੦੪੮)

ਗੁਰਮਤਿ ਜਪੇ ਨਾਮ ਨਾਲ ਮਨੁੱਖ ਨੂੰ ਮੁਕਤੀ ਦੀ ਪ੍ਰਾਪਤੀ ਹੋਣੀ ਦੱਸੀ ਹੈ ਤੇ ਕਿਹਾ ਹੈ, ਭਾਵ ਗੁਰੂ ਦੀ ਸਿਖਿਆ ਲੈ ਕੇ ਵਾਹਿਗੁਰੂ ਜੀ ਦੇ ਨਾਮ ਵਿਚ ਜੁੜੇ, ਤਾਂ ਹੀ ਆਸਾ ਤ੍ਰਿਸ਼ਨਾ ਦੇ ਜਾਲ ਵਿਚੋਂ ਖਲਾਸੀ ਪਾ ਸਕਦਾ ਹੈ :

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥
(ਸਿਰੀ ਰਾਗੁ ਮ: ੧/੬੧)

ਪਰਮਾਤਮਾ ਦਾ ਨਾਮ ਹੀ ਪੜ੍ਹਨਾ ਚਾਹੀਦਾ ਹੈ; ਨਾਮ ਹੀ ਸਮਝਣਾ ਚਾਹੀਦਾ ਹੈ, ਗੁਰੂ ਦੀ ਸਿਖਿਆ ਲੈ ਕੇ ਪ੍ਰਭੂ ਦੇ ਨਾਮ ਦੀ ਰਾਹੀਂ ਹੀ ਪਾਪਾਂ ਤੋਂ ਬਚਾਉ ਹੁੰਦਾ ਹੈ :

ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥
(ਮਾਰੂ ਮ: ੧/੧੦੦੯)

ਪਿੱਛੇ ਬੜਾ ਸਪੱਸ਼ਟ ਕੀਤਾ ਜਾ ਚੁੱਕਾ ਹੈ, ਕਿ ਗੁਰਮਤਿ ਵਿਧੀ ਅਨੁਸਾਰ ਨਾਮ ਸਿਮਰੀ ਜਾਣ ਨਾਲ ਚੇਤ ਮਨ ਵਿਚ ਵਿਚਰ ਰਹੀ ਮਨ ਬਿਰਤੀ ਬਾਹਰਲੇ ਮਾਇਆ ਦੇ ਪਸਾਰੇ ਵਲੋਂ ਉਲਟ ਕੇ ਅੰਤਰ-ਮੁਖ ਹੋ ਜਾਂਦੀ ਹੈ, ਅਤੇ ਹੋਰ ਸਿਮਰਨ ਕਰੀ ਜਾਣ ਨਾਲ, ਅੱਗੇ ਵਧਦਿਆਂ

ਵਧਦਿਆਂ, ਅਚੇਤ ਮਨ ਵਿਚ ਪਹੁੰਚਣ ਤੇ. ਉਸ ਨੂੰ ਅਚੇਤ ਮਨ (ਆਤਮ-ਰੂਪ ਮਨ) ਦੇ ਹੀ ਜੋਤ ਰੂਪ ਵਿਚ ਦਰਸ਼ਨ ਹੁੰਦੇ ਹਨ। ਫਿਰ ਹੋਰ ਸਿਮਰਨ ਦੁਆਰਾ ਅੱਗੇ ਵਧਦੀ ਮਨ-ਬਿਰਤੀ (ਜਾਂ ਆਤਮਾਂ) ਜੋਤ ਰੂਪ ਪ੍ਰਮਾਤਮਾ, ਵਿਚ ਸਮਾ ਕੇ ਤੇ ਅਭੇਦ ਹੋ ਕੇ ਪਰਮਾਤਮਾ ਰੂਪ ਹੋ ਜਾਂਦੀ ਹੈ। ਇਹੋ ਆਤਮਕਤਾ ਦੀ ਉੱਚੀ ਤੋਂ ਉੱਚੀ ਅਵਸਥਾ ਹੈ। ਪਰ ਗੁਰਬਾਣੀ ਵਿਚ ਬੜਾ ਸਪੱਸ਼ਟ ਕਰਕੇ ਦੱਸਿਆ ਹੈ ਕਿ ਇਸ ਅਵਸਥਾ ਦੀ ਪ੍ਰਾਪਤੀ ਵੀ 'ਗੁਰਮਤਿ ਨਾਮੁ' ਦੁਆਰਾ ਹੀ ਹੁੰਦੀ ਹੈ :

ਧੁਰਿ ਪੂਰਬਿ ਕਰਤੈ ਲਿਖਿਆ
ਤਿਨਾ ਗੁਰਮਤਿ ਨਾਮਿ ਸਮਾਇ ॥੧॥ਰਹਾਉ॥

(ਸਿਰੀ ਰਾਗੁ ਮ: ੩/੬੫)

ਰਾਮ ਨਾਮੁ ਇਕੁ ਤਿਲ ਤਿਲ ਗਾਵੈ
ਮਨੁ ਗੁਰਮਤਿ ਨਾਮਿ ਸਮਾਵੈਗੋ ॥

(ਕਾਨੜਾ ਮ: ੪/੧੩੦੮)

ਜਦੋਂ ਗੁਰੂ ਜੀ ਦੀ ਕਿਰਪਾ ਨਾਲ ਜੀਵ ਦੇ ਅੰਦਰੋਂ ਹਉਮੈ ਦੀ ਅੱਗ ਬੁਝ ਜਾਂਦੀ ਹੈ; ਤਦੋਂ ਗੁਰੂ ਦੀ ਮਤਿ ਦੀ ਬਰਕਤ ਨਾਲ ਉਹ ਹਰਿ-ਨਾਮ ਵਿਚ ਲੀਨ ਰਹਿੰਦਾ ਹੈ :

ਗੁਰ ਪਰਸਾਦੀ ਹਉਮੈ ਬੂਝੈ ਤੇ ਗੁਰਮਤਿ ਨਾਮ ਸਮਾਵੈਗੋ ॥

(ਕਾਨੜਾ ਮ: ੪/੧੩੦੯)

□